# ਵਿਸ਼ਾ ਸੂਚੀ

ਹਾਈ ਸਕੂਲ ਵਿੱਚ ਸਵਾਗਤ ਹੈ

ਸ਼ਾਮਲ ਹੋਵੋ

ਜੁੜੇ ਰਹੋ

ਸਕੂਲੀ ਸਾਲ ਦਾ ਕਲੰਡਰ

ਸਕੂਲ ਦੀ ਸੰਪਤੀ ਤੋਂ ਬਾਹਰ ਜਾਣਾ

ਹਾਜ਼ਰੀ ਦਾ ਮਹੱਤਵ ਹੈ

ਨਿਰਪੱਖਤਾ ਅਤੇ ਸੰਮਿਲਿਤ ਕਰਨ ਵਾਲੀ ਸਿੱਖਿਆ

ਸਿੱਖਣ ਲਈ ਸੁਰੱਖਿਅਤ ਥਾਵਾਂ

ਵਿਦਿਆਰਥੀਆਂ ਦੀ ਕੁਸ਼ਲਤਾ

ਮੁਲਾਂਕਣ, ਜਾਇਜਾ ਅਤੇ ਰਿਪੋਰਟ ਕਰਨਾ

ਵਿਦਿਆਰਥੀਆਂ ਲਈ ਸੇਵਾਵਾਂ

ਪਾਥਵੇ ਪ੍ਰੋਗਰਾਮ

ਸਾਧਨ

ਆਪਣੇ ਪ੍ਰਸ਼ਨਾਂ ਦੇ ਜਵਾਬ ਪ੍ਰਾਪਤ ਕਰਨਾ

# ਤਿਆਰ ? ਸੈੱਟ ? ਹਾਈ ਸਕੂਲ !

# ਮਾਤਾ-ਪਿਤਾ ਲਈ ਗਾਇਡ

## ਹਾਈ ਸਕੂਲ ਵਿੱਚ ਸਵਾਗਤ ਹੈ

ਉਨ੍ਹਾਂ ਸਭ ਤੋ ਦਿਲਚਸਪ ਅਤੇ ਮਹੱਤਵਪੂਰਨ ਸਾਲਾਂ ਲਈ ਤਿਆਰ ਹੋ ਜਾਓ ਜੋ ਕਿ ਸੰਭਵ ਹੈ ਕਿ ਤੁਹਾਡਾ ਕਿਸ਼ੋਰ ਸਕੂਲ ਵਿੱਚ ਬਿਤਾਏਗਾ। ਪਹਿਲੀ ਵਾਰੀ, ਕਿਸ਼ੋਰਾਂ ਨੂੰ ਉਹ ਕੀ ਪੜ੍ਹਨਗੇ ਅਤੇ ਉਹ ਪੇਸ਼ੇ ਸੰਬੰਧੀ ਕਿਹੜਾ ਰਸਤਾ ਚੁਣਨਗੇ ਦੇ ਬਾਰੇ ਚੋਣਾਂ ਕਰਨੀਆਂ ਪੈਣਗੀਆਂ।

ਇਹ ਉਨ੍ਹਾਂ ਵਿੱਚੋਂ ਕੁਝ ਹੋਰ ਚੀਜ਼ਾਂ ਹਨ ਜਿੰਨਾਂ ਦੀ ਆਸ ਤੁਸੀਂ ਹਾਈ ਸਕੂਲ ਵਿੱਚ ਕਰ ਸਕਦੇ ਹੋ:

- ਚੁਣਨ ਲਈ ਜਿਆਦਾ ਕੋਰਸ ਅਤੇ ਪ੍ਰੋਗਰਾਮ
- ਪੇਸ਼ੇ ਸੰਬੰਧੀ ਰਸਤੇ ਦੀ ਛਾਣਬੀਨ ਤੇ ਜਿਆਦਾ ਜ਼ੋਰ
- ਨਵੇਂ ਅਧਿਆਪਕ ਅਤੇ ਸਹਿਪਾਠੀ
- ਹੋਰ ਜਿਆਦਾ ਪਾਠਕ੍ਰਮ ਤੋਂ ਇਲਾਵਾ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਅਤੇ ਸਮਾਜਕ ਮੌਕੇ
- ਵੱਧੀ ਹੋਈ ਸੁਤੰਤਰਤਾ ਅਤੇ ਜ਼ਿੰਮੇਵਾਰੀ
- ਸੰਗਠਨ ਅਤੇ ਸਮੇਂ ਦੇ ਪ੍ਰਬੰਧ ਲਈ ਜਿਆਦਾ ਲੋੜ

ਤੁਹਾਡਾ ਕਿਸ਼ੋਰ ਜਿਹੜਾ ਵੀ ਰਸਤਾ ਚੁਣਦਾ ਹੈ, ਅਸੀਂ ਯਕੀਨੀ ਬਣਾਉਣਾ ਚਾਹੁੰਦੇ ਹਾਂ ਤੁਹਾਡਾ ਸਾਰਾ ਪਰਿਵਾਰ ਉਨ੍ਹਾਂ ਚੁਨੌਤੀਆਂ ਦਾ ਸਾਮ੍ਹਣਾ ਕਰਨ ਅਤੇ ਉਨ੍ਹਾਂ ਬਹੁਤ ਸਾਰੇ ਮੌਕਿਆਂ ਨੂੰ ਗ੍ਰਹਿਣ ਕਰਨ ਲਈ ਤਿਆਰ ਹੈ ਜੋ ਗਰੈਜੁਏਸ਼ਨ ਤੋਂ ਬਾਅਦ ਤੁਹਾਡੇ ਕਿਸ਼ੋਰ ਦੀ ਉਡੀਕ ਕਰ ਰਹੇ ਹਨ।

ਇਹ ਗਾਇਡ ਤੁਹਾਨੂੰ ਤੁਹਾਡੇ ਕਿਸ਼ੋਰ ਨੂੰ ਕਾਮਯਾਬ ਹੋਣ ਵਿੱਚ ਸਹਾਇਤਾ ਕਰਨ ਲਈ ਕੀ ਜਾਣਨ ਦੀ ਲੋੜ ਹੈ ਦਾ ਛੋਟਾ ਜਿਹਾ ਚਿੱਤਰ ਮੁਹੱਈਆ ਕਰਦੀ ਹੈ।

## ਸ਼ਾਮਲ ਹੋਵੋ

ਮਾਤਾ-ਪਿਤਾ ਦੀ ਸ਼ਮੂਲੀਅਤ ਦਾ ਵਿਦਿਆਰਥੀਆਂ ਦੀ ਕਾਮਯਾਬੀ ਤੇ ਸਕਾਰਾਤਮਕ ਪ੍ਰਭਾਵ ਹੁੰਦਾ ਹੈ, ਸੋ ਕਿਉਂ ਨਾ ਆਪਣੇ ਕਿਸ਼ੋਰ ਦੀ ਸਿੱਖਿਆ ਵਿੱਚ ਸ਼ਾਮਲ ਹੋਵੋ?

ਜਦੋਂ ਸਕੂਲ ਅਤੇ ਮਾਤਾ-ਪਿਤਾ ਇਕੱਠੇ ਕੰਮ ਕਰਦੇ ਹਨ, ਤਾਂ ਵਿਦਿਆਰਥੀ ਜਿਆਦਾ ਪ੍ਰੇਰਿਤ ਅਤੇ ਉਨ੍ਹਾਂ ਦੇ ਸਕੂਲੀ ਅਨੁਭਵਾਂ ਵਿੱਚ ਰੁੱਝੇ ਹੁੰਦੇ ਹਨ। www.peelschools.org ਦਾ *ਪੇਰੈਂਟਸ (Parents)* ਸੈਕਸ਼ਨ ਦੇਖੋ:

- ਇਹ ਪਤਾ ਕਰਨ ਲਈ ਕਿ ਸਕੂਲਾਂ ਵਿੱਚ ਕਿਵੇਂ ਸ਼ਾਮਲ ਹੋਇਆ ਅਤੇ ਵਲੰਟੀਅਰ ਕੀਤਾ ਜਾਏ
- ਨੁਸਖਿਆਂ ਦੀਆਂ ਸ਼ੀਟਾਂ ਅਤੇ ਮਾਤਾ-ਪਿਤਾ ਲਈ ਦੂਸਰੇ ਸਾਧਨ ਡਾਉਨਲੋਡ ਕਰਨ ਲਈ
- ਬੋਰਡ ਦੀ ਪੇਰੈਂਟ ਇੰਨਵੋਲਵਮੈਂਟ ਕਮੇਟੀ (ਪੀਆਈਸੀ) ਦੇ ਬਾਰੇ ਜਾਣਨ ਲਈ
- ਸਕੂਲ ਕਾਉਂਸਲਾਂ ਬਾਰੇ ਜਾਣਨ ਲਈ

**ਪੇਰੈਂਟ ਇੰਨਵੋਲਵਮੈਂਟ ਕਮੇਟੀ (ਪੀਆਈਸੀ)**

ਪੀਆਈਸੀ (PIC) ਦਾ ਉਦੇਸ਼ ਹੈ:

- ਸਕੂਲਾਂ ਵਿੱਚ ਅਤੇ ਪੀਲ ਬੋਰਡ ਭਰ ਵਿੱਚ ਮਾਤਾ-ਪਿਤਾ ਦੀ ਅਰਥਪੂਰਨ ਸ਼ਮੂਲੀਅਤ ਨੂੰ ਸਹਾਰਾ ਦੇਣਾ, ਉਤਸ਼ਾਹਿਤ ਕਰਨਾ ਅਤੇ ਵੱਧਾਉਣਾ
- ਸਕੂਲ ਕਾਉਂਸਲਾਂ ਅਤੇ ਦੂਸਰੇ ਮਾਤਾ-ਪਿਤਾ ਅਤੇ ਪਾਰਟਨਰਾਂ ਦੀ ਸਲਾਹ ਅਤੇ ਵਿਚਾਰ ਮੰਗਣਾ ਜਿਵੇਂ ਉਹ ਖੇਤਰੀ ਸਤਰ ਤੇ ਹੋਰ ਜਿਆਦਾ ਮਾਤਾ-ਪਿਤਾ ਨੂੰ ਸ਼ਾਮਲ ਕਰਨ ਲਈ ਰਣਨੀਤੀਆਂ ਦੀ ਯੋਜਨਾ ਬਣਾਉਂਦੇ ਅਤੇ ਉਨ੍ਹਾਂ ਨੂੰ ਲਾਗੂ ਕਰਦੇ ਹਨ
- ਸਕੂਲ ਬੋਰਡ ਦੇ ਨਾਲ ਮਿਲ ਕੇ ਕੰਮ ਕਰਨਾ
- ਮਾਤਾ-ਪਿਤਾ ਦੇ ਰੁਝੇਵੇਂ ਅਤੇ ਆਉਟਰੀਚ ਨੂੰ ਵਧਾਉਣ ਲਈ ਰਣਨੀਤੀਆਂ ਵਿਕਸਤ ਕਰਨਾ, ਉਨ੍ਹਾਂ ਮਾਤਾ-ਪਿਤਾ ਨੂੰ ਸ਼ਾਮਲ ਕਰਦੇ ਹੋਏ ਜਿੰਨਾਂ ਨੂੰ ਸ਼ਮੂਲੀਅਤ ਜਿਆਦਾ ਚੁਨੌਤੀਪੂਰਣ ਲਗਦੀ ਹੈ
- ਵਿਦਿਆਰਥੀਆਂ ਦੀ ਕਾਮਯਾਬੀ ਨੂੰ ਸਹਾਰਾ ਦੇਣਾ

ਪੀਆਈਸੀ (PIC) ਬਾਰੇ ਹੋਰ ਜਾਣਨ ਲਈ, www.peelschools.org/PIC. ਤੇ ਜਾਓ।

## ਜੁੜੇ ਰਹੋ — ਆਪਣੇ ਸਕੂਲ ਦੀ ਵੈੱਬਸਾਇਟ ਦੇਖੋ

ਸਕੂਲ ਦੀ ਵੈੱਬਸਾਇਟ ਜੁੜੇ ਰਹਿਣ ਅਤੇ ਸਕੂਲ ਦੀ ਖਬਰਾਂ ਬਾਰੇ ਅਧੁਨਿਕ ਰਹਿਣ ਦਾ ਸ੍ਰੇਸ਼ਠ ਢੰਗ ਹੈ। ਸਕੂਲ ਅਤੇ ਬੋਰਡ ਦੀਆਂ ਵੈੱਬਸਾਇਟਾਂ ਤੇ ਇਲੈਕਟ੍ਰੋਨਿਕ ਸਬਸਕ੍ਰਿਪਸ਼ਨ ਸੇਵਾ ਹੈ।

ਆਪਣਾ ਇਮੇਲ ਦਰਜ ਕਰਕੇ, ਤੁਸੀਂ ਸਕੂਲ ਅਤੇ ਪੀਲ ਬੋਰਡ ਦੀ ਖਬਰ ਪ੍ਰਾਪਤ ਕਰਨ ਲਈ ਸਬਸਕ੍ਰਾਇਬ ਕਰ ਸਕਦੇ ਹੋ। ਉਨ੍ਹਾਂ ਚੀਜ਼ਾਂ ਨੂੰ ਚੁਣੋ ਜਿੰਨਾਂ ਨੂੰ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ, ਮੰਗੀ ਗਈ ਜਾਣਕਾਰੀ ਭਰੋ, ਅਤੇ ਤੁਹਾਨੂੰ ਨਿਯਮਿਤ ਅਧਾਰ ਤੇ ਇਮੇਲਾਂ ਪ੍ਰਾਪਤ ਹੋਣਗੀਆਂ। ਬੋਰਡ ਦੇ ਹੋਮ ਪੇਜ ਤੇ ਸਬਸਕ੍ਰਾਇਬ (*Subscribe*) ਬਟਨ ਲੱਭੋ, ਅਤੇ ਅੱਪਡੇਟਾਂ ਪ੍ਰਾਪਤ ਕਰਨ ਵਾਸਤੇ ਰਜਿਸਟਰ ਹੋਣ ਲਈ ਆਪਣੇ ਸਕੂਲ ਦੀ ਵੈੱਬਸਾਇਟ ਦੇ ਖੱਬੇ ਪਾਸੇ ਸਬਸਕ੍ਰਾਇਬ (*Subscribe*) ਲਿੰਕ ਤੇ ਕਲਿਕ ਕਰੋ।

ਪੀਲ ਬੋਰਡ ਦੀ ਵੈੱਬਸਾਇਟ —www.peelschools.org—ਵੀ ਸਕੂਲ ਸਿਸਟਮ ਸੰਬੰਧੀ ਜਾਣਕਾਰੀ ਦਾ ਉੱਤਮ ਸ੍ਰੋਤ ਹੈ। ਆਪਣੇ ਕਿਸ਼ੋਰ ਦੀ ਕਾਮਯਾਬੀ ਨੂੰ ਵਧਾਉਣ ਵਿੱਚ ਤੁਹਾਡੀ ਸਹਇਤਾ ਕਰਨ ਸੰਬੰਧੀ ਨੁਸਖਿਆਂ ਲਈ *ਪੇਰੈਂਟਸ (Parents)* ਸੈਕਸ਼ਨ ਦੇਖੋ।

ਟਿਪ: ਸੁਨਿਸ਼ਚਿਤ ਕਰੋ ਕਿ ਸਕੂਲ ਕੋਲ ਤੁਹਾਡੀ ਸਹੀ ਸੰਪਰਕ ਜਾਣਕਾਰੀ ਹੈ। ਸੁਨੇਹੇ ਸੇਨਰਵੋਇਸ (synervoice) ਸਿਸਟਮ ਦੁਆਰਾ ਫੋਨ,ਟੈਕਸਟ ਅਤੇ ਈਮੇਲ ਰਾਹੀਂ ਭੇਜੇ ਜਾਂਦੇ ਹਨ।

## ਵਿਦਿਆਰਥੀ ਹੈਂਡਬੁੱਕ

ਹਰੇਕ ਸਕੂਲੀ ਸਾਲ ਦੇ ਅਰੰਭ ਵਿੱਚ, ਹਾਈ ਸਕੂਲ ਵਿਦਿਆਰਥੀਆਂ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਉਹ ਉਨ੍ਹਾਂ ਦੀ ਵਿਦਿਆਰਥੀ ਹੈਂਡਬੁੱਕ, ਜਿਹੜੀ ਕਿ ਪ੍ਰਿੰਟ ਕੀਤੇ ਰੂਪ ਵਿੱਚ ਜਾਂ ਸਕੂਲ ਦੀ ਵੈੱਬਸਾਇਟ ਤੇ ਉਪਲਬਧ ਹੋਏਗੀ, ਦੀ ਸਮੀਖਿਆ ਕਰਨ। ਇਸ ਹੈਂਡਬੁੱਕ ਵਿੱਚ ਸਕੂਲ ਦਾ ਕਾਰਜ ਉਦੇਸ਼, ਦ੍ਰਿਸ਼ਟੀ ਅਤੇ ਕਦਰਾਂ ਸ਼ਾਮਲ ਹਨ, ਇਹ ਵਿਦਿਆਰਥੀਆਂ ਨੂੰ ਸਕੂਲ ਦੇ ਕੋਡ ਆਫ ਕੰਡਕਟ (Code of Conduct) ਨਾਲ ਜਾਣੂ ਕਰਵਾਉਂਦੀ ਹੈ, ਉਸ ਭੂਮਿਕਾ ਦੀ ਰੂਪ-ਰੇਖਾ ਬਾਰੇ ਦਸਦੀ ਹੈ ਜਿਹੜੀ ਵਿਦਿਆਰਥੀ, ਮਾਤਾ-ਪਿਤਾ ਅਤੇ ਸਕੂਲ ਦਾ ਸਟਾਫ ਵਿਦਿਆਰਥੀਆਂ ਦੀਆਂ ਅਕਾਦਮਿਕ ਕਾਮਯਾਬੀਆਂ ਵਿੱਚ ਅਦਾ ਕਰਦੇ ਹਨ, ਅਤੇ ਮੁਲਾਂਕਣ ਅਤੇ ਲੇਖੇ ਸੰਬੰਧੀ ਨੀਤੀ ਦਾ ਵਰਣਨ ਕਰਦੀ ਹੈ। ਆਸ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਅਤੇ ਵਿਦਿਆਰਥੀ ਦੋਵੇਂ ਇਕੱਠੇ ਵਿਦਿਆਰਥੀ ਹੈਂਡਬੁੱਕ ਦੀ ਸਮੀਖਿਆ ਕਰਨਗੇ।

### ਸਕੂਲੀ ਸਾਲ ਦਾ ਕਲੰਡਰ

ਸਕੂਲੀ ਸਾਲ ਦਾ ਕਲੰਡਰ *www.peelschools.org/calendar* ਤੇ ਪੋਸਟ ਕੀਤਾ ਜਾਂਦਾ ਹੈ ਅਤੇ ਉਸ ਵਿੱਚ ਸ਼ਾਮਲ ਹੈ :

- ਕਲਾਸਾਂ ਦਾ ਪਹਿਲਾ ਅਤੇ ਆਖਰੀ ਦਿਨ
- ਬ੍ਰੇਕਾਂ ਸਮੇਤ, ਪਵਿੱਤਰ ਦਿਨ ਅਤੇ ਛੁੱਟੀਆਂ
- ਪੇਸ਼ੇਵਰ ਗਤੀਵਿਧੀ (Professional Activity) ਦੇ ਦਿਨ
- ਟਰਨ-ਅਰਾਉਂਡ ਦਿਨ (turn-around days)
- ਪਰੀਖਿਆ ਦੇ ਦਿਨ
- ਸਾਲ ਦੇ ਅੰਤ ਦੇ ਰਿਪੋਰਟ ਕਰਨ ਵਾਲੇ ਦਿਨ (year-end reporting days)

ਸਕੂਲ ਵਿੱਚ ਅਧਾਰਤ ਗਤੀਵਿਧੀਆਂ ਕਈ ਵਾਰੀ ਸਕੂਲ ਦੇ ਵੈੱਬਸਾਇਟ ਦੇ ਕਲੰਡਰਾਂ ਤੇ ਪੋਸਟ ਕੀਤੀਆਂ ਜਾਂਦੀਆਂ ਹਨ। ਆਪਣੇ ਸਕੂਲ ਦੀ ਵੈੱਬਸਾਇਟ ਦੇਖੋ ਅਤੇ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਨੋਟਿਸ ਪ੍ਰਾਪਤ ਕਰਨ ਲਈ ਸਬਸਕ੍ਰਾਇਬ ਕਰੋ।

### ਪੇਰੈਂਟ ਕਨੈਕਟ (ParentConnect)

ਬਹੁਤ ਸਾਰੇ ਸਕੂਲ ਮਾਤਾ-ਪਿਤਾ ਨੂੰ ਲੌਗਇੰਨ ਮੁਹੱਈਆ ਕਰਦੇ ਹਨ ਤਾਂ ਕਿ ਉਹ ਉਨ੍ਹਾਂ ਦੇ ਕਿਸ਼ੋਰ ਦੀ ਹਾਜ਼ਰੀ, ਕ੍ਰੈਡਿਟ ਇਤਿਹਾਸ ਅਤੇ ਡਿਪਲੋਮਾ ਦੇ ਦਰਜੇ, ਦੇ ਨਾਲ ਨਾਲ ਕੋਰਸਾਂ ਦੀ ਚੋਣ ਅਤੇ ਦੂਸਰੀ ਜਾਣਕਾਰੀ ਬਾਰੇ ਜਾਣਕਾਰੀ ਤੱਕ ਪਹੁੰਚ ਸਕਣ। ਤੁਸੀਂ ਕਿਵੇਂ ਰਜਿਸਟਰ ਕਰ ਸਕਦੇ ਹੋ ਪਤਾ ਕਰਨ ਲਈ ਪੇਰੈਂਟ ਕਨੈੱਕਟ (*ParentConnect*) ਬਟਨ (ਸਕੂਲ ਦੀ ਵੈੱਬਸਿਟ ਦੇ ਸੱਜੇ ਪਾਸੇ) ਲੱਭੋ। ਤੁਸੀਂ ਜਾਣਕਾਰੀ ਲਈ ਆਪਣੇ ਕਿਸ਼ੋਰ ਦੇ ਸਕੂਲ ਦੇ ਨਾਲ ਸੰਪਰਕ ਵੀ ਕਰ ਸਕਦੇ ਹੋ।

# ਸਕੂਲ ਦੀ ਸੰਪਤੀ ਤੋਂ ਬਾਹਰ ਜਾਣਾ

ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਆਪਣੇ ਦੁਪਹਿਰ ਦੇ ਭੋਜਨ (ਲੰਚ) ਦੇ ਘੰਟੇ ਅਤੇ/ਜਾਂ ਸਟੱਡੀ ਪੀਰੀਅਡਾਂ ਵਿੱਚ ਸਕੂਲ ਦੀ ਸੰਪਤੀ ਤੋਂ ਬਾਹਰ ਜਾਣ ਦੀ ਆਗਿਆ ਹੈ। ਬਹੁਤ ਸਾਰੇ ਵਿਦਿਆਰਥੀ ਘਰ ਜਾਂ ਨਜਦੀਕ ਦੇ ਰੈਸਟੋਰੈਂਟਾਂ ਅਤੇ ਕਾਰੋਬਾਰਾਂ ਵਿੱਚ ਜਾਣ ਦੀ ਚੋਣ ਕਰਦੇ ਹਨ।

ਵਿਦਿਆਰਥੀਆਂ ਨੂੰ ਸਕੂਲ ਦੀ ਸੰਪਤੀ ਛੱਡ ਕੇ ਜਾਣ ਲਈ ਖਾਸ ਆਗਿਆ ਦੀ ਲੋੜ ਨਹੀਂ ਹੈ। ਕਿਉਂਕਿ ਹਾਈ ਸਕੂਲ ਵਿੱਚ ਹਾਜ਼ਰੀ ਹਰ ਪੀਰੀਅਡ ਵਿੱਚ ਲਈ ਜਾਂਦੀ ਹੈ, ਸਕੂਲ ਇਹ ਨਿਰਧਾਰਤ ਕਰਨ ਲਈ ਹਾਜ਼ਰੀ ਦੇ ਨਮੂਨਿਆਂ ਨੂੰ ਟਰੈਕ ਕਰ ਸਕਦੇ ਹਨ, ਜੇ ਵਿਦਿਆਰਥੀ ਉਨ੍ਹਾਂ ਦੇ ਲੰਚ ਪੀਰੀਅਡਾਂ ਤੋਂ ਵਾਪਸ ਨਹੀਂ ਆ ਰਹੇ। ਸਟਾਫ ਉਚਿਤ ਢੰਗ ਨਾਲ ਦਖਲ ਦੇਣਗੇ, ਜਿਸ ਵਿੱਚ ਘਰ ਫੋਨ ਕੀਤੇ ਜਾਣਾ ਸ਼ਾਮਲ ਹੋ ਸਕਦਾ ਹੈ।

# ਹਾਜ਼ਰੀ ਦਾ ਮਹੱਤਵ ਹੈ

ਤੁਹਾਡੇ ਕਿਸ਼ੋਰ ਦੀ ਕਾਮਯਾਬੀ ਤੇ ਬਹੁਤ ਸਾਰੀਆਂ ਚੀਜ਼ਾਂ ਦਾ ਅਸਰ ਪੈਂਦਾ ਹੈ। ਸਭ ਤੋਂ ਮਹੱਤਵਪੂਰਨ ਕਾਰਕਾਂ ਵਿੱਚੋਂ ਇੱਕ ਹੈ ਨਿਯਮਿਤ ਅਤੇ ਸਮੇਂ ਸਿਰ ਹਾਜ਼ਰੀ। ਜੇ ਤੁਹਾਡਾ ਕਿਸ਼ੋਰ ਸਕੂਲ ਤੋਂ ਸਭ ਤੋਂ ਵੱਧ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਸਮੇਂ ਸਿਰ ਕਲਾਸ ਵਿੱਚ ਪਹੁੰਚਣਾ ਅਤੇ ਗੈਰ-ਹਾਜ਼ਰੀਆਂ ਤੋਂ ਬੱਚਣਾ ਨਿਰਨਾਕਾਰੀ ਹੈ।

### *ਗੈਰ-ਹਾਜ਼ਰੀ ਦੀ ਸੂਚਨਾ ਦੇਣਾ*

ਜੇ ਤੁਹਾਡਾ ਕਿਸ਼ੋਰ ਗੈਰ-ਹਾਜ਼ਰ ਹੋਏਗਾ, ਤਾਂ ਜਿੰਨੀ ਜਲਦੀ ਤੁਸੀਂ ਕਰ ਸਕੋ ਸਕੂਲ ਦੇ ਸ਼ੁਰੂ ਹੋਣ ਦੇ ਸਮੇਂ ਤੋਂ ਪਹਿਲਾਂ ਸਕੂਲ ਨੂੰ ਫੋਨ ਕਰੋ। ਜੇ ਗੈਰ-ਹਾਜ਼ਰੀ ਦੀ ਸੂਚਨਾ ਨਹੀਂ ਦਿੱਤੀ ਜਾਂਦੀ ਹੈ, ਤਾਂ ਮਾਤਾ-ਪਿਤਾ ਨੂੰ ਦਿਨ ਦੇ ਦੌਰਾਨ ਬਾਅਦ ਵਿੱਚ ਫੋਨ ਕਾਲ ਪ੍ਰਾਪਤ ਹੋਏਗੀ ਜੇ ਉਨ੍ਹਾਂ ਦਾ ਕਿਸ਼ੋਰ ਸਕੂਲੀ ਦਿਨ ਦੇ ਕੁਝ ਹਿੱਸੇ ਜਾਂ ਪੂਰੇ ਦਿਨ ਲਈ ਗੈਰ-ਹਾਜ਼ਰ ਹੈ।

### *ਲੇਟਸ (Lates)*

ਜੇ ਵਿਦਿਆਰਥੀ ਸਕੂਲ ਜਾਂ ਕਲਾਸ ਲਈ ਲੇਟ ਹੈ ਤਾਂ ਮਾਤਾ-ਪਿਤਾ ਅਤੇ ਵਿਦਿਆਰਥੀਆਂ ਨੂੰ ਕੀ ਕਰਨਾ ਚਾਹੀਦਾ ਹੈ ਪਤਾ ਕਰਨ ਲਈ ਸਕੂਲ ਦੀ ਲੇਟ ਪਾਲਸੀ ਨੂੰ ਦੇਖਣਾ ਚਾਹੀਦਾ ਹੈ।

### *ਛੁੱਟੀਆਂ ਦੀ ਯੋਜਨਾਬੰਦੀ*

ਜਿਥੋਂ ਤੱਕ ਪਰਿਵਾਰਕ ਟ੍ਰਿਪਾਂ ਦੀ ਯੋਜਨਾਬੰਦੀ ਦਾ ਸਵਾਲ ਹੈ, ਕਿਰਪਾ ਕਰਕੇ ਉਨ੍ਹਾਂ ਨੂੰ ਸਕੂਲ ਤੋਂ ਨਿਯਤ ਛੁੱਟੀਆਂ ਲਈ ਬਚਾ ਕੇ ਰੱਖੋ। ਪੜ੍ਹਾਈ ਸਮੂਹਿਕ ਹੁੰਦੀ ਹੈ, ਉਨ੍ਹਾਂ ਕੁਸ਼ਲਤਾਵਾਂ ਅਤੇ ਵਿਚਾਰਾਂ ਨੂੰ ਅਗੇ ਵਧਾਉਂਦੇ ਹੋਏ ਜਿਹੜੇ ਪਹਿਲਾਂ ਸਿਖਾਏ ਗਏ ਸਨ। ਸਮੇਂ ਦੀ ਲੰਮੀ ਮਿਆਦ ਲਈ ਕਲਾਸਾਂ ਤੋਂ ਗੈਰ-ਹਾਜ਼ਰ ਰਹਿਣਾ ਕਲਾਸਰੂਮ ਵਿੱਚ ਸਿਖਾਏ ਗਏ ਵਿਚਾਰਾਂ ਨੂੰ ਮੁੜ ਕੇ ਸਿੱਖਣਾ ਅਤੇ ਹਾਣੀਆਂ ਦੇ ਨਾਲ ਮੁੜ ਕੇ ਜੁੜਨ ਨੂੰ ਚੁਣੌਤੀਪੂਰਨ ਬਣਾ ਦਿੰਦਾ ਹੈ।

### *ਲੰਮੇ ਸਮੇਂ ਲਈ ਗੈਰ-ਹਾਜ਼ਰੀਆਂ*

ਜੇ ਵਿਦਿਆਰਥੀ ਤਿੰਨ ਦਿਨ ਤੋਂ ਵੱਧ ਅਤੇ 15 ਦਿਨਾਂ ਤੋਂ ਘੱਟ ਲਈ ਸਕੂਲ ਤੋਂ ਗੈਰ-ਹਾਜ਼ਰ ਹੋਏਗਾ, ਤਾਂ ਗੈਰ-ਹਾਜ਼ਰੀ ਤੋਂ ਪਹਿਲਾਂ ਮਾਤਾ-ਪਿਤਾ ਦੁਆਰਾ ਹਸਤਾਖਰ ਕੀਤਾ ਗਿਆ ਨੋਟ ਆਫਿਸ ਵਿੱਚ ਜਮ੍ਹਾਂ ਕਰਵਾਇਆ ਜਾਣਾ ਚਾਹੀਦਾ ਹੈ। ਨੋਟ ਵਿੱਚ ਗੈਰ-ਹਾਜ਼ਰੀ ਦੀਆਂ ਤਾਰੀਖਾਂ, ਵਿਦਿਆਰਥੀ ਦਾ ਨਾਮ ਅਤੇ ਵਿਦਿਆਰਥੀ ਕਿਸ ਤਾਰੀਖ ਨੂੰ ਵਾਪਸ ਆਏਗਾ ਲਿੱਖਿਆ ਹੋਣਾ ਚਾਹੀਦਾ ਹੈ।

ਜੇ ਵਿਦਿਆਰਥੀ 15 ਦਿਨਾਂ ਤੋਂ ਵੱਧ ਸਕੂਲ ਤੋਂ ਗੈਰ-ਹਾਜ਼ਰ ਹੋਏਗਾ, ਤਾਂ ਮਾਤਾ-ਪਿਤਾ/ਸਰਪ੍ਰਸਤ ਦੁਆਰਾ ਹਸਤਾਖਰ ਕੀਤਾ ਹੋਇਆ ਨੋਟ ਆਫਿਸ ਵਿੱਚ ਜਮ੍ਹਾਂ ਕਰਵਾਇਆ ਜਾਣਾ ਚਾਹੀਦਾ ਹੈ। ਨੋਟ ਵਿੱਚ ਗੈਰ-ਹਾਜ਼ਰੀ ਦੇ ਅਰੰਭ ਅਤੇ ਅੰਤ ਦੀਆਂ ਤਾਰੀਖਾਂ ਅਤੇ ਗੈਰ-ਹਾਜ਼ਰੀ ਲਈ ਕਾਰਨ ਲਿੱਖਿਆ ਹੋਣਾ ਜਰੂਰੀ ਹੈ। ਜੇ ਨੋਟ ਨਹੀਂ ਦਿੱਤਾ ਜਾਂਦਾ ਹੈ,ਤਾਂ ਵਿਦਿਆਰਥੀ ਨੂੰ ਸਕੂਲ ਦੇ ਰਜਿਸਟਰ ਤੋਂ ਹਟਾ ਦਿੱਤਾ ਜਾਏਗਾ।

# ਨਿਰਪੱਖਤਾ ਅਤੇ ਸੰਮਿਲਿਤ ਕਰਨ ਵਾਲੀ ਸਿੱਖਿਆ

ਪੀਲ ਬੋਰਡ ਦੀ ਨਿਰਪੱਖਤਾ ਅਤੇ ਸੰਮਿਲਿਤ ਕਰਨ ਵਾਲੀ ਸਿੱਖਿਆ ਨੀਤੀ *#54* (*Equity and Inclusive Education Policy #54*) ਸਾਰਿਆਂ ਲਈ ਸਿੱਖਲਾਈ ਅਤੇ ਕੰਮ ਕਰਨ ਵਾਸਤੇ ਸਹਾਈ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਨ ਮੁਹੱਈਆ ਕਰਨ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਪ੍ਰਤੀ ਬੋਰਡ ਦੀ ਵਚਨਬੱਧਤਾ ਨੂੰ ਝਲਕਾਉਂਦੀ ਹੈ। ਇਹ ਨੀਤੀ ਪਾਠਕ੍ਰਮ ਅਤੇ ਮੁਲਾਂਕਣ ਤੋਂ ਧਰਮ ਸੰਬੰਧੀ ਲਿਹਾਜ਼ਾਂ, ਸਵਾਗਤ ਕਰਨ ਵਾਲਾ ਸਕੂਲੀ ਵਾਤਾਵਰਨ ਸਿਰਜਣ ਅਤੇ ਭੇਦਭਾਵ ਅਤੇ ਪਰੇਸ਼ਾਨ ਕੀਤੇ ਜਾਣ ਤੋਂ ਲੈਕੇ, ਬੋਰਡ ਦੇ ਪ੍ਰੋਗਰਾਮਾਂ, ਸੇਧਾਂ ਅਤੇ ਅਭਿਆਸਾਂ ਦੇ ਸਾਰੇ ਖੇਤਰਾਂ ਨੂੰ ਪ੍ਰਭਾਵਿਤ ਕਰਦੀ ਹੈ।

ਕਿਰਦਾਰ ਸੰਬੰਧੀ ਗੁਣ

- ਸਨੇਹੀ
- ਮਿਲਵਰਤਨ ਵਾਲਾ
- ਇਮਾਨਦਾਰ
- ਸੰਮਿਲਿਤ ਕਰਨ ਵਾਲਾ
- ਆਦਰਪੂਰਣ
- ਜ਼ਿੰਮੇਵਾਰ

### *ਧਰਮ ਸੰਬੰਧੀ ਲਿਹਾਜ਼ (Religious accommodation )*

ਪੀਲ ਬੋਰਡ ਦੇ ਧਰਮ ਸੰਬੰਧੀ ਲਿਹਾਜ਼ਾਂ ਦੀ ਕਿਰਿਆ, ਮਨੁੱਖੀ ਅਧਿਕਾਰਾਂ, ਪਹੁੰਚਯੋਗਤਾ ਅਤੇ ਨਿਰਪੱਖਤਾ ਪ੍ਰਤੀ ਸਾਡੀ ਵਚਨਬੱਧਤਾ ਬਾਰੇ ਜਾਣਨ ਲਈ www.peelschools.org/aboutus/equity ਤੇ ਜਾਓ।

# ਸਿੱਖਣ ਲਈ ਸੁਰੱਖਿਅਤ ਥਾਵਾਂ

ਮਾਤਾ-ਪਿਤਾ ਦੀ ਤਰ੍ਹਾਂ, ਤੁਹਾਡੇ ਕਿਸ਼ੋਰ ਦੀ ਸੁਰੱਖਿਆਂ ਅਤੇ ਸਲਾਮਤੀ ਤੋਂ ਵੱਧ ਮਹੱਤਵਪੂਰਨ ਕੁਝ ਨਹੀਂ ਹੈ। ਅਸੀਂ ਇਹ ਪ੍ਰਾਥਮਿਕਤਾ ਸਾਂਝੀ ਕਰਦੇ ਹਾਂ। ਅਸੀਂ ਸਾਡੇ ਵਿਦਿਆਰਥੀਆਂ ਅਤੇ ਸਟਾਫ ਲਈ ਸਿਹਤਮੰਦ, ਸਹਾਰਾ ਦੇਣ ਵਾਲਾ ਸਿਖੱਣ ਅਤੇ ਕੰਮ ਕਰਨ ਵਾਲਾ ਵਾਤਾਵਰਨ ਮੁਹੱਈਆ ਕਰਵਾਉਣ ਪ੍ਰਤੀ ਵਚਨਬੱਧ ਹਾਂ।

ਪੀਲ ਦੇ ਸਕੂਲ ਵਿਦਿਆਰਥੀਆਂ ਅਤੇ ਸਟਾਫ ਵਾਸਤੇ ਕੰਮ ਕਰਨ ਅਤੇ ਸਿੱਖਣ ਲਈ ਸੁਰੱਖਿਅਤ ਵਾਤਾਵਰਨ ਮੁਹੱਈਆ ਕਰਦੇ ਹਨ। ਪੀਲ ਬੋਰਡ ਕੋਲ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅੱਗ ਸੰਬੰਧੀ ਨਿਯਮਿਤ ਡ੍ਰਿਲਾਂ, ਨਿਕਾਸੀ ਲਈ ਯੋਜਨਾਵਾਂ ਅਤੇ ਨਵੇਂ ਸਟਾਫ ਅਤੇ ਵਲੰਟੀਅਰਾਂ ਵਾਸਤੇ ਕ੍ਰਿਮੀਨਲ ਰਿਕਾਰਡ ਚੈੱਕਾਂ ਸਮੇਤ ਕਈ ਸਾਰੇ ਢੰਗ ਹਨ।

### *ਸੁਰੱਖਿਆ ਤੇ ਫੋਕਸ*

ਪੀਲ ਬੋਰਡ ਦੀ ਸੇਫ ਸਕੂਲਜ਼ ਨੀਤੀ *ਦ ਐਜੁਕੇਸ਼ਨ ਐਕਟ* ਅਤੇ *ਦ ਓਨਟਾਰਿਓ ਕੋਡ ਆਫ ਕੰਨਡਕਟ* ਅਤੇ *ਦ ਹਿਊਮਨ ਰਾਈਟਸ ਕੋਡ* ਤੇ ਅਧਾਰਤ ਹੈ। ਇਹ ਪਾਲਸੀ ਸਕੂਲ ਕੋਲੋਂ ਜਾਂ ***www.peelschools.org*** ਤੇ ਉਪਲਬਧ ਹੈ - ਸਰਚ ਬਾਰ ਵਿੱਚ ਪਾਲਸੀ ***#48** — ਸੇਫ ਸਕੂਲਜ਼* ਲਈ ਸਰਚ ਕਰੋ।

### *ਕੋਡ ਆਫ ਕੰਡਕਟ (Code of Conduct )*

ਹਰ ਸਕੂਲ ਦਾ ਆਪਣਾ ਕੋਡ ਆਫ ਕੰਡਕਟ ਹੈ, ਪ੍ਰਾਂਤੀਏ ਅਤੇ ਪੀਲ ਬੋਰਡ ਨੀਤੀਆਂ ਤੇ ਅਧਾਰਤ, ਜਿਹੜਾ ਸਟੂਡੈਂਟ ਹੈਂਡਬੁੱਕ ਵਿੱਚ ਸ਼ਾਮਲ ਹੈ। ਇਹ ਵਿਦਿਆਰਥੀਆਂ, ਮਾਤਾ-ਪਿਤਾ/ਸਰਪ੍ਰਸਤਾਂ, ਵਲੰਟੀਅਰਾਂ ਅਤੇ ਸਕੂਲ ਦੇ ਸਟਾਫ ਸਮੇਤ ਸਕੂਲ ਦੀ ਸਾਰੀ ਕਮਯੂਨਿਟੀ ਤੇ ਲਾਗੂ ਹੁੰਦੀ ਹੈ, ਭਾਂਵੇਂ ਉਹ ਸਕੂਲ ਦੀ ਸੰਪਤੀ ਤੇ ਹਨ, ਸਕੂਲ ਬੱਸਾਂ, ਸਕੂਲ ਦੁਆਰਾ ਅਧਿਕਾਰ ਕੀਤੇ ਗਏ ਪ੍ਰੋਗਰਾਮਾਂ ਜਾਂ ਗਤੀਵਿਧੀਆਂ ਵਿੱਚ ਜਾਂ ਕਿਸੇ ਵੀ ਅਜਿਹੀ ਸਥਿਤੀ ਵਿੱਚ ਹਨ ਜਿਸ ਦਾ ਅਸਰ ਸਕੂਲ ਦੇ ਮਾਹੌਲ ਤੇ ਪੈ ਸਕਦਾ ਹੈ।

ਸਕੂਲ ਦੀ ਕਮਯੂਨਿਟੀ ਦੇ ਸਾਰੇ ਸਦੱਸਾਂ ਦੀ ਦੀ ਜ਼ਿੰਮੇਵਾਰੀ ਹੈ ਕਿ ਸਕੂਲ ਦੇ ਕੋਡ ਆਫ ਕੰਡਕਟ ਦੀ ਆਦਰ ਅਤੇ ਇੱਜ਼ਤ ਕਰਨ, ਉਚਿਤ ਤਰੀਕੇ ਨਾਲ ਵਿਵਹਾਰ ਕਰਨ ਅਤੇ ਉਨ੍ਹਾਂ ਦੇ ਆਪਣੇ ਕਾਰਜਾਂ ਲਈ ਜ਼ਿੰਮੇਵਾਰੀ ਲੈਣ।

### *ਡਰਾਉਣ ਧਮਕਾਉਣ (Bullying) ਨੂੰ ਰੋਕਣਾ ਅਤੇ ਉਸ ਵਿੱਚ ਦਖਲ ਦੇਣਾ*

ਪੀਲ ਬੋਰਡ ਭਰ ਵਿੱਚ, ਸਕੂਲ ਡਰਾਉਣ ਧਮਕਾਉਣ ਨੂੰ ਰੋਕਣ ਅਤੇ ਜਦੋਂ ਉਹ ਵਾਪਰਦਾ ਹੈ ਉਸ ਵਿੱਚ ਦਖਲ ਦੇਣ ਲਈ ਬਹੁਤ ਸਾਰੇ ਪ੍ਰੋਗਰਾਮ ਅਤੇ ਪਹਿਲਾਂ ਵਰਤਦੇ ਹਨ। ਹਰ ਸਕੂਲ ਵਿੱਚ ਕਲਾਈਮੇਟ ਫਾਰ ਲਰਨਿੰਗ ਐਂਡ ਵਰਕਿੰਗ ਟੀਮ ਹੈ ਜਿਹੜੀ ਕਿ ਸਕੂਲ ਦੀ ਕਾਮਯਾਬੀ ਯੋਜਨਾ (School Success Plan) ਦੇ ਹਿੱਸੇ ਵਜੋਂ ਬੁਲੀਇੰਗ ਨੂੰ ਰੋਕਣ ਅਤੇ ਉਸ ਵਿੱਚ ਦਖਲ ਲਈ ਯੋਜਨਾ (Bullying Prevention and Intervention Plan) ਦੀ ਵਿਕਾਸ ਕਰਦੀ ਹੈ।

ਸਕੂਲ ਡਰਾਉਣ ਧਮਕਾਉਣ (ਬੁਲੀਇੰਗ) ਦੇ ਮੁੱਦੇ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ। ਡਰਾਉਣ ਧਮਕਾਉਣ (ਬੁਲੀਇੰਗ) ਦੀ ਰਿਪੋਰਟ ਹੋ ਜਾਣ ਤੋਂ ਬਾਅਦ, ਬੋਰਡ ਦੀ ਸੇਫ ਸਕੂਲਜ਼ ਨੀਤੀ ਅਤੇ ਕੋਡ ਆਫ ਕੰਡਕਟ ਸਾਰੇ ਸ਼ਾਮਲ ਵਿਦਿਆਰਥੀਆਂ (ਜਾਂ ਵਿਦਿਆਰਥੀਆਂ) ਲਈ ਅਨੁਸ਼ਾਸਨ ਸੰਬੰਧੀ ਉਚਿਤ ਪ੍ਰਗਤੀਸ਼ੀਲ ਸਹਾਰਿਆਂ ਅਤੇ ਅੰਜਾਮਾਂ ਦਾ ਮਾਰਗਦਰਸ਼ਨ ਕਰਦੇ ਹਨ। ਅਸੀਂ ਚਿੰਤਾਵਾਂ ਵਾਲੇ ਮਾਤਾ-ਪਿਤਾ ਨੂੰ ਸਿੱਧੇ ਤੌਰ ਤੇ ਸਕੂਲ ਦੇ ਨਾਲ ਸੰਪਰਕ ਕਰਨ ਲਈ ਉਤਸ਼ਾਹਤ ਕਰਦੇ ਹਾਂ।

## ਵਿਦਿਆਰਥੀਆਂ ਦੀ ਕੁਸ਼ਲਤਾ

ਪੀਲ ਬੋਰਡ ਵਿੱਚ, ਅਸੀਂ ਸਾਰਿਆਂ ਵਾਸਤੇ ਸਿਖਲਾਈ ਅਤੇ ਕੰਮ ਕਰਨ ਲਈ ਸਹਾਈ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਨ ਮੁਹੱਈਆ ਕਰਨ ਅਤੇ ਕਾਇਮ ਰੱਖਣ ਦਾ ਯਤਨ ਕਰਦੇ ਹਾਂ। ਸਾਡਾ ਵਚਨਬੱਧ, ਸਮਰਪਿਤ ਅਤੇ ਸਨੇਹੀ ਲੋਕਾਂ ਦਾ ਵਿਵਿਧ ਸਟਾਫ ਸਾਰੇ ਵਿਦਿਆਰਥੀਆਂ ਨੂੰ ਸਹਾਰਾ ਦੇਣ ਲਈ ਚੰਗੀ ਤਰ੍ਹਾਂ ਯੋਗਤਾ ਪ੍ਰਾਪਤ ਹੈ।

ਅਸੀਂ ਵਿਦਿਆਰਥੀਆਂ ਨੂੰ ਆਪਣੀ ਵਕਾਲਤ ਆਪ ਕਰਨ ਲਈ ਉਤਸ਼ਾਹਤ ਕਰਦੇ ਹਾਂ –ਸਕੂਲ ਵਿੱਚ ਕਿਸੇ ਅਜਿਹੇ ਬਾਲਗ ਨਾਲ ਸੰਪਰਕ ਕਰਨਾ ਜਿਸ ਤੇ ਉਨ੍ਹਾਂ ਨੂੰ ਭਰੋਸਾ ਹੈ – ਜੇ ਉਹ ਆਪਣੇ ਆਪ ਨੂੰ ਬਿਹਬਲ ਅਤੇ ਨਿਰਾਸ਼ ਪਾਉਂਦੇ ਹਨ। ਸਟਾਫ ਦੇ ਸਦੱਸ ਉਨ੍ਹਾਂ ਦੀਆਂ ਚਿੰਤਾਵਾਂ ਸੁਣਨ ਲਈ ਤਿਆਰ ਹਨ ਅਤੇ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਨਗੇ ਕਿ ਉਚਿਤ ਸਹਾਰੇ ਸਥਾਪਤ ਕੀਤੇ ਜਾਣ।

ਗਾਈਡੈਂਸ ਕਾਉਂਸਲਰ, ਅਧਿਆਪਕ ਅਤੇ ਪ੍ਰਬੰਧਕ ਸਹਾਇਤਾ ਲਈ ਮੌਜੂਦ ਹਨ। ਸਕੂਲ ਵਿੱਚ ਅਧਾਰਤ ਮਨੋ-ਵਿਗਿਆਨੀ, ਸਮਾਜ ਸੇਵਕ ਅਤੇ ਵਿਦਿਆਰਥੀ ਕਾਮਯਾਬੀ ਵਾਲੇ ਅਧਿਆਪਕ ਵੀ ਉਨ੍ਹਾਂ ਵਿਦਿਆਰਥੀਆਂ, ਜੋ ਮੁਸ਼ਕਲਾਂ ਦਾ ਅਨੁਭਵ ਕਰ ਰਹੇ ਹਨ ਜਾਂ ਜੋ ਸੰਘਰਸ਼ ਕਰ ਰਹੇ ਹਨ, ਨੂੰ ਸਹਾਰਾ ਦੇਣ ਲਈ ਉਪਲਬਧ ਹਨ।

ਜੇ ਤੁਹਾਨੂੰ ਆਪਣੇ ਕਿਸ਼ੋਰ ਦੀ ਕੁਸ਼ਲਤਾ ਦੇ ਬਾਰੇ ਕਿਸੇ ਨਾਲ ਗੱਲ ਕਰਨ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਕੂਲ ਗਾਈਡੈਂਸ ਕਾਉਂਸਲਰ ਨਾਲ ਸੰਪਰਕ ਕਰੋ ਜਾਂ ਵਾਇਸ- ਪ੍ਰਿੰਸੀਪਲਾਂ ਵਿੱਚੋਂ ਇੱਕ ਦੇ ਨਾਲ ਗੱਲ ਕਰੋ।

# ਮੁਲਾਂਕਣ, ਜਾਇਜਾ ਅਤੇ ਰਿਪੋਰਟ ਕਰਨਾ

**"ਮੁਲਾਂਕਣ ਅਤੇ ਜਾਇਜੇ ਦਾ ਮੁੱਖ ਮੰਤਵ ਹੈ ਵਿਦਿਆਰਥੀ ਸਿਖਲਾਈ ਨੂੰ ਸੁਧਾਰਨਾ।"**

ਮੁਲਾਂਕਣ, ਜਾਇਜਾ ਅਤੇ ਰਿਪੋਰਟ ਕਰਨ ਸੰਬੰਧੀ ਕਿਰਿਆਵਾਂ ਦਾ ਸੰਚਾਲਨ ਮਨਿਸਟਰੀ ਆਫ ਐਜੁਕੇਸ਼ਨ ਅਤੇ ਬੋਰਡ ਦੀਆਂ ਨੀਤੀਆਂ ਦੁਆਰਾ ਕੀਤਾ ਜਾਂਦਾ ਹੈ। ਅਪ੍ਰੈਲ 2010 ਵਿੱਚ, ਮਨਿਸਟਰੀ ਨੇ *ਗਰੋਇੰਗ ਸਕਸੈਸ (***Growing Success***)*, ਨੀਤੀ ਸੰਬੰਧੀ ਇੱਕ ਦਸਤਾਵੇਜ ਪ੍ਰਕਾਸ਼ਿਤ ਕੀਤਾ, ਜੋ ਓਨਟਾਰਿਓ ਸਕੂਲਾਂ ਵਿੱਚ ਗਰੇਡ 1 ਤੋਂ 12 ਤੱਕ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੇ ਮੁਲਾਂਕਣ, ਜਾਇਜੇ ਅਤੇ ਰਿਪੋਰਟ ਕਰਨ ਨੂੰ  ਨਿਰਦੇਸ਼ਤ ਕਰਦਾ ਹੈ।*ਗਰੋਇੰਗ ਸਕਸੈਸ (***Growing Success***)* ਦਾ ਟੀਚਾ ਮਨਿਸਟਰੀ ਦੀ ਨੀਤੀ ਨੂੰ ਅਧੁਨਿਕ ਬਣਾਉਣਾ, ਸਪਸ਼ਟ ਕਰਨਾ ਅਤੇ ਉਸ ਨੂੰ ਇਕਸਾਰ ਕਰਨਾ, ਅਤੇ ਪ੍ਰਾਂਤ ਭਰ ਵਿੱਚ ਨਿਰਪੱਖਤਾ, ਪਾਰਦਰਸ਼ਕਤਾ,ਨਿਆਂ ਅਤੇ ਇਕਸਾਰਤਾ ਪ੍ਰਾਪਤ ਕਰਨਾ ਹੈ।

*ਗਰੋਇੰਗ ਸਕਸੈਸ (*Growing Success*)* ਬਾਰੇ ਹੋਰ ਜਾਣਕਾਰੀ ਲਈ

www.edu.gov.on.ca/eng/parents/reportcard.html.  ਤੇ ਜਾਓ।

## ਵਿਦਿਆਰਥੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?

ਮੁਲਾਂਕਣ, ਵੱਖ-ਵੱਖ ਸ੍ਰੋਤਾਂ ਤੋਂ, ਉਹ ਜਾਣਕਾਰੀ ਇਕੱਠੀ ਕਰਨ ਦੀ ਕਿਰਿਆ ਹੈ, ਜਿਹੜੀ ਸਹੀ ਢੰਗ ਨਾਲ ਇਹ ਝਲਕਾਉਂਦੀ ਹੈ ਕਿ ਵਿਦਿਆਰਥੀ ਇੱਕ ਵਿਸ਼ੇ ਜਾਂ ਕੋਰਸ ਵਿੱਚ ਪਾਠਕ੍ਰਮ ਸੰਬੰਧੀ ਅਪੇਖਿਆਵਾਂ ਨੂੰ ਕਿੰਨੀ ਚੰਗੀ ਤਰ੍ਹਾਂ ਪ੍ਰਾਪਤ ਕਰ ਰਿਹਾ ਹੈ। ਅਧਿਆਪਕ ਨਿਰੀਖਣਾਂ, ਵਾਰਤਾਲਾਪਾਂ ਅਤੇ ਉਤਪਾਦਾਂ ਤੋਂ ਇਕੱਠੀ ਕੀਤੀ ਗਈ ਜਾਣਕਾਰੀ ਦੀ ਵਰਤੋਂ ਵਿਦਿਆਰਥੀਆਂ ਨੂੰ ਫੀਡਬੈਕ ਦੇਣ ਲਈ ਕਰਨਗੇ। ਕਲਾਸਰੂਮ ਵਿੱਚ ਤਿੰਨ ਤਰ੍ਹਾਂ ਦੇ ਮੁਲਾਂਕਣ ਹਨ :

ਸਿਖਲਾਈ *ਦੀ ਤਰ੍ਹਾਂ* ਮੁਲਾਂਕਣ, ਸਿਖਲਾਈ *ਲਈ* ਮੁਲਾਂਕਣ ਅਤੇ ਸਿਖਲਾਈ *ਦਾ* ਮੁਲਾਂਕਣ।

### *ਟਰਮ ਵਰਕ (*Term work*)*

ਵਿਦਿਆਰਥੀ ਦਾ ਫਾਇਨਲ ਗਰੇਡ ਸਾਰੀ ਟਰਮ ਵਿੱਚ ਉਨ੍ਹਾਂ ਦੁਆਰਾ ਪ੍ਰਦਰਸ਼ਿਤ ਸਿਖਲਾਈ, ਉਨ੍ਹਾਂ ਦੇ ਹਰ ਕੋਰਸ ਦੀਆਂ ਅਪੇਖਿਆਵਾਂ ਦੇ ਸਭ ਤੋਂ ਹਾਲੀਆ ਅਤੇ ਸਭ ਤੋਂ ਇਕਸਾਰਤਾ ਵਾਲੇ ਪ੍ਰਦਰਸ਼ਨ ਤੇ ਖਾਸ ਜ਼ੋਰ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਸਿਖਲਾਈ ਪੇਸ਼ਕਾਰੀਆਂ, ਕਾਨਫਰੰਸਾਂ, ਵੈੱਬਸਾਇਟਾਂ, ਟੈਸਟਾਂ ਅਤੇ/ਜਾਂ ਕਿਰਿਆ ਸੰਬੰਧੀ ਕਾਰਜਾਂ ਰਾਹੀਂ ਪ੍ਰਦਰਸ਼ਿਤ ਕੀਤੀ ਜਾ ਸਕਦੀ ਹੈ।

ਵਿਦਿਆਰਥੀਆਂ ਦੁਆਰਾ ਟਰਮ ਦੇ ਦੌਰਾਨ ਪੂਰੀਆਂ ਕੀਤੇ ਗਏ ਕੁਝ ਮੁਲਾਂਕਣ ਨਿਰਮਾਣਸ਼ੀਲ (formative) ਹੋਣਗੇ (ਸਿਖਲਾਈ ਦੀ ਤਰ੍ਹਾਂ ਅਤੇ ਸਿਖਲਾਈ ਲਈ ਮੁਲਾਂਕਣ), ਜਾਂ  ਵਿਦਿਆਰਥੀ (ਅਤੇ ਅਧਿਆਪਕ) ਨੂੰ ਇਸ ਬਾਰੇ ਸੂਚਿਤ ਕਰਨ ਦਾ ਉਦੇਸ਼ ਪੂਰਾ ਕਰਦੇ ਹਨ ਕਿ ਉਹ ਕਾਮਯਾਬੀ ਦੇ ਮਾਪਦੰਡਾਂ ਨੂੰ ਕਿੰਨੀ ਚੰਗੀ ਤਰ੍ਹਾਂ ਪੂਰਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਸੁਧਰਨ ਲਈ ਕੀ ਕਰਨ ਦੀ ਲੋੜ ਹੈ। ਦੂਸਰੇ ਮੁਲਾਂਕਣ ਯੋਗਾਤਮਕ (summative) ਹੁੰਦੇ ਹਨ (ਸਿਖਲਾਈ *ਦਾ* ਮੁਲਾਂਕਣ) – ਅਧਿਆਪਕ ਵਿਦਿਆਰਥੀ ਦੀ ਸਿਖਲਾਈ ਦਾ ਜਾਇਜਾ ਲਏਗਾ ਅਤੇ ਗਰੇਡ ਜਾਂ ਸਤਰ ਮੁਕੱਰਰ ਕਰੇਗਾ।

### *ਸਿਖਲਾਈ ਸੰਬੰਧੀ ਨਿਪੁੰਨਤਾਵਾਂ ਅਤੇ ਕੰਮ ਕਰਨ ਸੰਬੰਧੀ ਆਦਤਾਂ (*Learning Skills and Work Habits*)*

ਸਿਖਲਾਈ ਸੰਬੰਧੀ ਨਿਪੁੰਨਤਾਵਾਂ ਅਤੇ ਕੰਮ ਕਰਨ ਸੰਬੰਧੀ ਆਦਤਾਂ  ਵਿਦਿਆਰਥੀਆਂ ਨੂੰ ਜਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਸਿਖਿਆ ਜਾਏ, ਸੁਤੰਤਰ ਸਿਖਾਂਦਰੂਆਂ ਦਾ ਤਰ੍ਹਾਂ ਉਨ੍ਹਾਂ ਦੇ ਸੰਭਾਵਨਾ ਨੂੰ ਵਿਕਸਤ ਕਰਨ, ਅਤੇ ਇਨ੍ਹਾਂ ਦੀ ਆਪਣੀ ਸਿਖਲਾਈ ਦਾ ਮਾਲਕੀ ਲੈਣ ਬਾਰੇ ਇਹ ਜਾਣਨ ਦੀ ਇਜਾਜ਼ਤ ਦਿੰਦੀਆਂ ਹਨ। ਇੰਨਾਂ ਦਾ ਜਾਇਜਾ ਕੋਰਸ ਦੀਆਂ ਅਪੇਖਿਆਵਾਂ ਦੀ ਵਿਦਿਆਰਥੀ ਪ੍ਰਾਪਤੀ ਤੋਂ ਅੱਡ ਲਿਆ ਜਾਂਦਾ ਹੈ।

## ਮੇਰੇ ਕਿਸ਼ੋਰ ਦਾ ਜਾਇਜਾ ਕਿਵੇਂ ਲਿਆ ਜਾਏਗਾ?

ਜਾਇਜਾ ਸਥਾਪਤ ਮਾਪਦੰਡਾਂ ਦੇ ਅਧਾਰ ਤੇ  ਵਿਦਿਆਰਥੀ ਸਿਖਲਾਈ ਦੀ ਗੁਣਵੱਤਾ ਦਾ ਫੈਸਲਾ ਕਰਨ ਅਤੇ ਉਸ ਗੁਣਵੱਤਾ ਨੂੰ ਪ੍ਰਸਤੁਤ ਕਰਨ ਲਈ ਮੁੱਲ ਨਿਸ਼ਚਿਤ ਕਰਨ ਦੀ ਕਿਰਿਆ ਹੈ। ਇਹ ਸਿਖਲਾਈ *ਦੇ* ਮੁਲਾਂਕਣਾਂ ਤੇ ਅਧਾਰਤ ਹੈ ਜੋ  ਗਰੇਡ/ਵਿਸ਼ੇ/ਕੋਰਸ ਦੇ ਦੌਰਾਨ ਕੂਟਨੀਤਕ ਸਮਿਆਂ ਤੇ ਵਿਦਿਆਰਥੀ ਪ੍ਰਾਪਤੀ ਦੇ ਬਾਰੇ ਅੰਕੜੇ ਮੁਹੱਈਆ ਕਰਦੇ ਹਨ, ਅਕਸਰ ਸਿਖਲਾਈ ਦੀ ਅਵਧੀ ਦੇ ਅੰਤ ਤੇ।

ਅਧਿਆਪਕ ਸਮੇਂ ਦੀ ਅਵਧੀ ਦੇ ਦੌਰਾਨ ਨਿਰੀਖਣਾਂ, ਵਾਰਤਾਲਾਪਾਂ ਅਤੇ ਵਿਦਿਆਰਥੀ ਉਤਪਾਦਾਂ ਤੋਂ ਲਈ ਗਈ ਵਿਦਿਆਰਥੀ ਸਿਖਲਾਈ ਦੇ ਸਬੂਤ ਇਕੱਠੇ ਕਰਦੇ ਹਨ (ਉਦਾਹਰਣ ਲਈ ਕਾਨਫਰੰਸਾਂ, ਪੇਸ਼ਕਾਰੀਆਂ, ਪੜਚੋਲਾਂ, ਟੈਸਟਾਂ, ਲੈਬਾਂ ਅਤੇ ਸੌਂਪੇ ਹੋਏ ਕੰਮਾਂ (assignments)) ਅਤੇ ਵਿਦਿਆਰਥੀਆਂ ਦੇ ਗਰੇਡਾਂ ਦਾ ਨਿਰਧਾਰਨ ਕਰਨ ਲਈ ਪੇਸ਼ੇਵਰ ਸੂਝ ਦੇ ਨਾਲ ਇੰਨਾਂ ਸਬੂਤਾਂ ਨੂੰ ਵਰਤਦੇ ਹਨ। ਵਿਦਿਆਰਥੀ ਦੇ ਰਿਪੋਰਟ ਕਾਰਡ ਦੇ ਗਰੇਡ ਦੇ ਨਿਰਧਾਰਨ ਵਿੱਚ ਅਧਿਆਪਕਾਂ ਦੁਆਰਾ ਸਬੂਤਾਂ ਦੀ ਵਿਆਖਿਆ ਸ਼ਾਮਲ ਹੁੰਦੀ ਹੈ ਅਤੇ ਉਸ ਨੂੰ, ਹਾਲੀਆ ਸਬੂਤਾਂ ਤੇ ਖਾਸ ਵਿਚਾਰ ਕੀਤੇ ਜਾਣ ਦੇ ਨਾਲ, ਵਿਦਿਆਰਥੀ ਦੀ ਪ੍ਰਾਪਤੀ ਦੇ ਸਭ ਤੋਂ ਇਕਸਾਰ ਸਤਰ ਨੂੰ ਝਲਕਾਉਣਾ ਚਾਹੀਦਾ ਹੈ। ਇਹ ਜਾਇਜੇ ਰਿਪੋਰਟ ਕਾਰਡਾਂ ਦੇ ਗਰੇਡਾਂ ਜਾਂ ਅੰਕਾਂ ਦਾ ਅਧਾਰ ਬਣਦੇ ਹਨ, ਅਤੇ ਇਸ ਤਰ੍ਹਾਂ ਬਣਾਏ ਜਾਂਦੇ ਹਨ ਕਿ ਵਿਦਿਆਰਥੀਆਂ ਅਤੇ ਮਾਤਾ-ਪਿਤਾ ਨੂੰ ਪ੍ਰਗਤੀ ਬਾਰੇ ਸੂਚਿਤ ਕੀਤਾ ਜਾ ਸਕੇ।

### *ਅੰਤਿਮ ਜਾਇਜਾ (ਇਵੈਲੂਏਸ਼ਨ)*

ਅੰਤਿਮ ਇਵੈਲੂਏਸ਼ਨਾਂ ਪੀਲ ਬੋਰਡ ਦੇ ਪ੍ਰਕਾਸ਼ਿਤ ਕਲੰਡਰ ਦੇ ਅਨੁਸਾਰ ਵਾਪਰਦੀਆਂ ਹਨ। ਹਰ ਸਕੂਲ ਅੰਤਿਮ ਇਵੈਲੂਏਸ਼ਨਾਂ ਦਾ ਸੰਚਾਲਨ ਕਿਵੇਂ ਕਰਦਾ ਹੈ ਬਾਰੇ ਜਾਣਕਾਰੀ ਪਰਿਵਾਰਾਂ ਨੂੰ ਸਿਤੰਬਰ ਵਿੱਚ ਵੰਡੀ ਜਾਂਦੀ ਹੈ। ਵਿਦਿਆਰਥੀ ਦੇ ਗਰੇਡ ਦੇ ਆਖਰੀ 30 ਪ੍ਰਤੀਸ਼ਤ ਦਾ ਨਿਰਧਾਰਨ ਅੰਤਿਮ ਇਵੈਲੂਏਸ਼ਨ ਪੀਰੀਅਡ ਦੇ ਦੌਰਾਨ ਕੀਤਾ ਜਾਂਦਾ ਹੈ ਜੋ ਕਿ ਹਰ ਸਮੈਸਟਰ ਦੇ ਆਖਰੀ ਹਫਤਿਆਂ ਵਿੱਚ ਵਾਪਰਦਾ ਹੈ।ਇੰਨਾਂ ਪੀਰੀਅਡਾਂ ਦੇ ਦੌਰਾਨ, ਵਿਦਿਆਰਥੀਆਂ ਨੂੰ ਉਹ ਕਾਰਜ ਪੂਰੇ ਕਰਨ ਵਾਸਤੇ ਕਿਹਾ ਜਾਂਦਾ ਹੈ ਜੋ ਉਨ੍ਹਾਂ ਦੁਆਰਾ ਪੂਰੇ ਸਮੈਸਟਰ ਵਿੱਚ ਪ੍ਰਾਪਤ ਕੀਤੇ ਗਏ ਹੁਨਰਾਂ ਅਤੇ ਗਿਆਨ ਨੂੰ ਦਰਸਾਉਂਦੇ ਹਨ। ਵਿਦਿਆਰਥੀਆਂ ਲਈ ਸਮੇਂ ਦੇ ਇਸ ਮਹੱਤਵਪੂਰਨ ਪੀਰੀਅਡ ਲਈ ਹਾਜ਼ਰ ਰਹਿਣਾ ਜਰੂਰੀ ਹੈ ਕਿਉਂਕਿ ਸਿਖਲਾਈ ਸੰਬੰਧੀ ਇੰਨਾਂ ਮੌਕਿਆਂ ਨੂੰ ਅਧਿਆਪਕ ਦੀ ਨਿਗਰਾਨੀ ਹੇਠ ਕੀਤਾ ਜਾਣਾ ਚਾਹੀਦਾ ਹੈ।

### *ਸਪੇਅਰਜ਼/ ਸਟੱਡੀ ਪੀਰੀਅਡਜ਼*

ਜਦੋਂ ਵਿਦਿਆਰਥੀ ਗਰੇਡ 9 ਅਤੇ 10 ਵਿੱਚ ਹੁੰਦੇ ਹਨ, ਤਾਂ ਉਹ ਦਿਨ ਭਰ ਵਿੱਚ ਸਟੱਡੀ ਪੀਰੀਅਡਾਂ (ਕਈ ਵਾਰੀ 'ਸਪੇਅਰਜ਼' ('spares') ਕਿਹਾ ਜਾਂਦਾ ਹੈ) ਲਈ ਯੋਗ ਨਹੀਂ ਹੁੰਦੇ। ਜਿਵੇਂ ਵਿਦਿਆਰਥੀ ਸੀਨੀਅਰ ਗਰੇਡਾਂ ਵਿੱਚ ਪਹੁੰਚ ਜਾਂਦੇ ਹਨ, ਅਤੇ ਉਨ੍ਹਾਂ ਦੀ ਸਿਖਲਾਈ ਦੀ ਰਫਤਾਰ ਬਦਲ ਜਾਂਦੀ ਹੈ, ਉਹ ਇੱਕ ਪੀਰੀਅਡ ਨੂੰ ਸਟੱਡੀ ਪੀਰੀਅਡ ਦੀ ਤਰ੍ਹਾਂ ਨਿਯਤ ਕਰ ਸਕਦੇ ਹਨ। ਜੇ ਵਿਦਿਆਰਥੀ ਅਜਿਹਾ ਕਰਨ ਦੀ ਚੋਣ ਕਰਦੇ ਹਨ, ਤਾਂ ਉਨ੍ਹਾਂ ਨੂੰ ਆਪਣੇ ਕੰਮ ਦੇ ਭਾਰ ਅਤੇ ਪਾਠਕ੍ਰਮ ਤੋਂ ਇਲਾਵਾ ਦੂਸਰੀਆਂ ਗਤੀਵਿਧੀਆਂ ਜਾਂ ਦੂਸਰੀਆਂ ਜ਼ਿੰਮੇਵਾਰੀਆਂ ਦਾ ਪ੍ਰਬੰਧ ਕਰਦੇ ਹੋਏ, ਆਪਣਾ ਸਮਾਂ ਸਮਝਦਾਰੀ ਨਾਲ ਵਰਤਣਾ ਚਾਹੀਦਾ ਹੈ, ਜਾਂ ਤਾਂ ਘਰ ਵਿੱਚ ਯਾ ਸਕੂਲ ਵਿੱਚ।

### *ਰਿਪੋਰਟ ਕਰਨਾ*

ਰਿਪੋਰਟ ਕਰਨਾ ਵਿਦਿਆਰਥੀਆਂ ਦੀ ਸਿੱਖਿਆ ਬਾਰੇ ਮਾਤਾ-ਪਿਤਾ ਅਤੇ ਵਿਦਿਆਰਥੀਆਂ ਦੇ ਨਾਲ ਸੰਚਾਰਨਾ ਕਰਨ ਦੀ ਕਿਰਿਆ ਹੈ। ਰਿਪੋਰਟ ਕਾਰਡ ਨਿਰੰਤਰ ਸੰਚਾਰਨਾ ਦਾ ਇੱਕ ਹਿੱਸਾ ਹੈ ਜਿਹੜਾ ਵਿਦਿਆਰਥੀਆਂ ਅਤੇ ਮਾਤਾ-ਪਿਤਾ ਨੂੰ ਅਜਿਹੀ ਵਰਣਨਾਤਮਿਕ ਫੀਡਬੈਕ ਦਿੰਦਾ ਹੈ ਜੋ ਕਿ ਸਪਸ਼ਟ, ਖਾਸ,ਅਰਥਪੂਰਨ ਅਤੇ ਸੁਧਰੀ ਹੋਈ ਸਿੱਖਲਾਈ ਅਤੇ ਪ੍ਰਾਪਤੀ ਨੂੰ ਸਹਾਰਾ ਦੇਣ ਲਈ ਸਮੇਂ ਅਨੁਸਾਰ ਹੈ। ਮਿਡਟਰਮ ਰਿਪੋਰਟਾਂ ਹਰ ਸਮੈਸਟਰ ਦੇ ਵਿਚਕਾਰ ਇੱਕ ਵਾਰੀ ਜਾਰੀ ਕੀਤੀਆਂ ਜਾਂਦੀਆਂ ਹਨ। ਫਾਈਨਲ ਰਿਪੋਰਟ ਕਾਰਡ ਦੋ ਟਰਮਾਂ ਵਿੱਚੋਂ ਹਰੇਕ ਦੇ ਅੰਤ ਤੇ ਜਾਰੀ ਕੀਤੇ ਜਾਂਦੇ ਹਨ – ਫਰਵਰੀ ਵਿੱਚ ਅਤੇ ਜੂਨ ਵਿੱਚ।

### *ਈਕਿਊਏਓ (EQAO)*

ਦ ਐਜੂਕੇਸ਼ਨ ਕੁਆਲਟੀ ਐਂਡ ਅਕਾਉਂਟੇਬਿਲਿਟੀ ਆਫਿਸ (ਈਕਿਊਏਓ)(The Education Quality and Accountability Office (EQAO)) ਇੱਕ ਸੁਤੰਤਰ ਪ੍ਰਾਂਤੀਏ ਏਜੰਸੀ ਹੈ ਜੋ ਓਨਟਾਰਿਓ ਸਰਕਾਰ ਦੁਆਰਾ ਫ਼ੰਡ ਕੀਤੀ ਜਾਂਦੀ ਹੈ। ਈਕਿਊਏਓ ਦਾ ਅਧਿਆਦੇਸ਼ ਵਿਦਿਆਰਥੀ ਦੀ ਸਿਖਿਆ ਵਿੱਚ ਮਹੱਤਵਪੂਰਨ ਪੜਾਅਾਂ ਤੇ ਪ੍ਰਾਂਤ ਭਰ ਵਿੱਚ ਟੈਸਟਾਂ ਦਾ ਸੰਚਾਲਨ ਕਰਨਾ ਅਤੇ ਨਤੀਜਿਆਂ ਨੂੰ ਸਿੱਖਿਆਕਾਂ, ਮਾਤਾ-ਪਿਤਾ ਅਤੇ ਜਨਤਾ ਨੂੰ ਰਿਪੋਰਟ ਕਰਨਾ ਹੈ। ਈਕਿਊਏਓ *ਓਨਟਾਰਿਓ ਕਰੀਕੁਲਮ* (*Ontario Curriculum*) ਅਪੇਖਿਆਵਾਂ ਦੇ ਸੰਬੰਧ ਵਿੱਚ ਵਿਦਿਆਰਥੀਆਂ ਦੀਆਂ ਪੜ੍ਹਨ, ਲਿੱਖਣ ਅਤੇ ਹਿਸਾਬ ਦੀਆਂ ਪ੍ਰਾਪਤੀਆਂ ਨੂੰ ਮਾਪਦਾ ਹੈ। ਈਕਿਊਏਓ ਉਨ੍ਹਾਂ ਦੇ ਸਕੂਲੀ ਕੈਰੀਅਰ ਦੇ ਦੌਰਾਨ ਵਿਦਿਆਰਥੀਆਂ ਦਾ ਮੁਲਾਂਕਣ ਕਰਦਾ ਹੈ:

- ਗਰੇਡ 3 ਪੜ੍ਹਨ, ਲਿੱਖਣ ਅਤੇ ਹਿਸਾਬ ਦਾ ਮੁਲਾਂਕਣ
- ਗਰੇਡ 6 ਪੜ੍ਹਨ, ਲਿੱਖਣ ਅਤੇ ਹਿਸਾਬ ਦਾ ਮੁਲਾਂਕਣ

- ਗਰੇਡ 9 ਹਿਸਾਬ ਦਾ ਮੁਲਾਂਕਣ – ਗਰੇਡ 9 ਅਕਾਦਮਿਕ ਜਾਂ ਅਪਲਾਇਡ ਮੈਥੇਮੈਟਿਕਸ ਦੇ ਕ੍ਰੈਡਿਟ ਵਲ ਕੰਮ ਕਰ ਰਹੇ ਸਾਰੇ ਵਿਦਿਆਰਥੀਆਂ ਲਈ ਭਾਗ ਲੈਣਾ ਜਰੂਰੀ ਹੈ।
- ਗਰੇਡ 10 ਓਨਟਾਰਿਓ ਸੈਕੰਡਰੀ ਸਕੂਲ ਲਿਟ੍ਰੇਸੀ ਕੋਰਸ (ਓਐਸਐਸਐਲਸੀ) – ਇਸ ਟੈਸਟ ਦੀ ਕਾਮਯਾਬ ਪੂਰਤੀ ਉਨ੍ਹਾਂ ਆਵਸ਼ੱਕਤਵਾਂ ਵਿੱਚੋਂ ਇੱਕ ਹੈ ਜੋ ਓਨਟਾਰਿਓ ਸੈਕੰਡਰੀ ਸਕੂਲ ਡਿਪਲੋਮਾ (ਓਐਸਐਸਡੀ) ਪ੍ਰਾਪਤ ਕਰਨ ਵਾਸਤੇ ਵਿਦਿਆਰਥੀਆਂ ਲਈ ਪੂਰਾ ਕਰਨਾ ਜਰੂਰੀ ਹੈ।

ਈਕਿਊਏਓ ਟੈਸਟ ਲਿੱਖਣ ਵਾਲੇ ਹਰ ਵਿਦਿਆਰਥੀ ਨੂੰ ਵਿਅਕਤੀਗਤ ਰਿਪੋਰਟ ਭੇਂਡਦਾ ਹੈ, ਅਤੇ ਆਪਣੀ ਵੈੱਬਸਾਇਟ ਤੇ ਸਕੂਲ, ਸਕੂਲ ਬੋਰਡ ਅਤੇ ਪ੍ਰਾਂਤੀਏ ਨਤੀਜੇ ਪੋਸਟ ਕਰਦਾ ਹੈ। ਸਕੂਲ ਅਤੇ ਸਕੂਲ ਬੋਰਡ ਮਾਤਾ-ਪਿਤਾ ਅਤੇ ਸਮਾਜ ਵਿੱਚ ਦੂਸਰਿਆਂ ਨੂੰ ਵੰਡਣ ਲਈ ਈਕਿਊਏਓ ਅੰਕੜਿਆਂ ਦੀਆਂ ਆਪਣੀਆਂ ਰਿਪੋਰਟਾਂ ਬਣਾਉਂਦੇ ਹਨ। ਇਥੇ ਹੋਰ ਜਾਣੋ : www.peelschools.org/parents/eqao

### *ਹੋਮਵਰਕ*

ਪੀਲ ਬੋਰਡ ਸਕੂਲ ਦੇ ਪ੍ਰੋਗਰਾਮ ਵਿੱਚ ਹੋਮਵਰਕ ਦੇ ਸ਼ਾਮਲ ਕੀਤੇ ਜਾਣ ਦੀ ਹਿਮਾਇਤ ਕਰਦਾ ਹੈ ਅਤੇ ਸਿੱਖਿਅਕਾਂ ਲਈ ਹੋਮਵਰਕ ਸੰਬੰਧੀ ਅਪੇਖਿਆਵਾਂ ਦਾ ਸਪਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰਨ ਕੀਤੇ ਜਾਣ ਦੀ ਲੋੜ ਨੂੰ ਸਿਆਣਦਾ ਹੈ। ਪੀਲ ਬੋਰਡ ਸਿਆਣਦਾ ਹੈ ਕਿ ਅਪੇਖਿਆਵਾਂ ਨੂੰ ਵਿਦਿਆਰਥੀ ਦੇ ਸਕੂਲ ਤੋਂ ਬਾਹਰ ਦੇ ਜੀਵਨ ਦੇ ਨਾਲ ਸੰਤੁਲਿਤ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਤੀਜੇ ਵਜੋਂ, ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਕੂਲ ਦੇ ਕਲੰਡਰ ਵਿੱਚ ਰੂਪਅੰਕਤ ਕੀਤੇ ਗਏ ਨਿਯਤ ਧਾਰਮਿਕ ਦਿਨਾਂ ਅਤੇ ਛੁੱਟੀਆਂ ਤੇ ਹੋਮਵਰਕ ਮੁਕੱਰਰ ਨਾ ਕੀਤਾ ਜਾਏ।

ਹੋਮਵਰਕ ਨੀਤੀ ਸਕੂਲ ਜਾਂ www.peelschools.org ਤੇ ਉਪਲਬਧ ਹੈ – ਸਰਚ ਬਾਰ ਵਿੱਚ ਪਾਲਸੀ *#70* (Policy *#70*) ਲਈ ਸਰਚ ਕਰੋ।

### *ਪੀਲ ਬੋਰਡ ਬੀਵਾਏਓਡੀ (BYOD) ਦੀ ਹਿਮਾਇਤ ਕਰਦਾ ਹੈ*

ਅੱਜ ਦੇ ਵਿਦਿਆਰਥੀ ਪਹਿਲਾਂ ਹੀ ਟੈਕਨਾਲੋਜੀ ਲੀਡਰ ਹਨ। ਖੋਜ ਸਾਨੂੰ ਦਸਦੀ ਹੈ ਕਿ ਜੇ ਅਸੀਂ ਉਨ੍ਹਾਂ ਦੇ ਸਿੱਖਿਆ ਸੰਬੰਧੀ ਅਨੁਭਵਾਂ ਵਿੱਚ ਇਸ ਨੂੰ ਝਲਕਾਉਂਦੇ ਹਾਂ, ਜਿਸ ਦਾ ਨਤੀਜਾ ਸੁਧਰੀ ਹੋਈ ਵਿਦਿਆਰਥੀ ਕਾਮਯਾਬੀ ਹੈ।ਇਸ ਕਰਕੇ 21ਵੀਂ ਸਦੀ ਦੀ ਸਿਖਲਾਈ ਅਤੇ ਸਿੱਖਿਆ ਲਈ ਸਾਡੇ ਬੋਰਡ ਦਾ ਸੁਪਨਾ, ਅਤੇ ਸਾਡੀ ਬਰਿੰਗ ਯੌਰ ਓਨ ਡਿਵਾਇਸ (Bring Your Own Device (BYOD)) ਪਹੁੰਚ ਇੰਨੇ ਦਿਲਚਸਪ ਹਨ।

ਪੀਲ ਵਿਦਿਆਰਥੀਆਂ ਦੀ ਟੈਕਨਾਲੋਜੀ ਦੀ ਵੱਧੀ ਹੋਈ ਵਰਤੋ ਉਨ੍ਹਾਂ ਨੂੰ ਅੱਜ ਅਤੇ ਭਵਿੱਖ ਵਿੱਚ ਕਿਵੇਂ ਕਾਮਯਾਬ ਬਣਾਉਂਦੀ ਹੈ ਬਾਰੇ www.peelschools.org/byod. ਤੇ ਹੋਰ ਜਾਣੋ।

## ਵਿਦਿਆਰਥੀਆਂ ਲਈ ਸੇਵਾਵਾਂ

### *ਮੇਕਿੰਗ ਮਾਏ ਵੇ (Making My Way)*

ਜੀਵਨ ਵਿੱਚ ਆਪਣਾ ਰਸਤਾ ਚੁਣਨ ਲਈ ਸਮੇਂ ਅਤੇ ਯੋਜਨਾਬੰਦੀ ਦੀ ਲੋੜ ਹੁੰਦੀ ਹੈ। ਭਾਵੇਂ ਉਸ ਵਿੱਚ ਅਗੇ ਦੀ ਪੜ੍ਹਾਈ ਅਤੇ/ਜਾਂ ਸਿਖਲਾਈ, ਸਿਖਾਂਦਰੂਪੁਣਾ ਵਿੱਚ ਭਾਗ ਲੈਣਾ ਸ਼ਾਮਲ ਹੋਏ ਜਾਂ ਸਿੱਧੇ ਹੀ ਕੰਮ ਕਰਨ ਵਾਲਿਆਂ ਵਿੱਚ ਸ਼ਾਮਲ ਹੋਣਾ,ਸਕੂਲਾਂ ਕੋਲ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ, ਹੁਨਰਾਂ ਅਤੇ ਕਾਬਲੀਅਤਾਂ ਦੀ ਪੜਚੋਲ ਕਰਨ ਲਈ ਸਾਧਨਾਂ ਅਤੇ ਮੌਕਿਆਂ ਦੀ ਪੂੰਜੀ ਹੈ।

*MakingMyWay.ca* ਤੁਹਾਨੂੰ ਸੂਚਿਤ ਫੈਸਲੇ ਕਰਨ ਅਤੇ ਹਾਈ ਸਕੂਲ ਤੋਂ ਬਾਅਦ ਤੁਹਾਡੇ ਵਿਕਲਪਾਂ ਦੀ ਪੜਚੋਲ ਕਰਨ ਲਈ ਆਨਲਾਇਨ ਸਾਧਨ ਅਤੇ ਜੁਗਤਾਂ ਪੇਸ਼ ਕਰਦਾ ਹੈ। ਵਿਚਾਰ ਕਰਨ ਲਈ ਪੰਜ ਮੁੱਖ ਰਸਤੇ (ਪਾਥਵੇ) ਹਨ:

- ਸਿਖਾਂਦਰੂਪੁਣਾ (apprenticeship)
- ਕਾਲਜ
- ਕਮਯੂਨਿਟੀ ਲਿਵਿੰਗ
- ਯੂਨੀਵਰਸਿਟੀ
- ਕੰਮ ਦੀ ਜਗ੍ਹਾ (workplace)

ਹਰ ਰਸਤਾ (ਪਾਥਵੇ) ਬਹੁਮੁੱਲੇ ਹੁਨਰ ਅਤੇ ਅਨੁਭਵ ਦਿੰਦਾ ਹੈ ਜਿੰਨਾਂ ਦੀ ਲੋੜ ਭਵਿੱਖ ਦੀ ਨੌਕਰੀ ਸੰਬੰਧੀ ਮਾਰਕਿਟ ਵਿੱਚ ਹੋਵੇਗੀ। ਵਿਦਿਆਰਥੀਆਂ ਨੂੰ, ਜਿਵੇਂ ਉਹ ਅਤੇ ਉਨ੍ਹਾਂ ਦੇ ਆਸੇ ਪਾਸੇ ਦੀ ਦੁਨੀਆਂ ਬਦਲਦੀ ਹੈ ,ਆਪਣੇ ਸਾਰੇ ਜੀਵਨ ਦੇ ਦੌਰਾਨ ਉਨ੍ਹਾਂ ਦੀ ਪਾਥਵੇ ਯੋਜਨਾ ਨੂੰ ਲਾਗੂ ਕਰਨ, ਉਸ ਨੂੰ ਸੰਸ਼ੋਧਿਤ ਕਰਨ ਅਤੇ ਅਨੁਕੂਲ ਬਣਾਉਣ ਦੀ ਆਪਣੀ ਕਾਬਲੀਅਤ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ।

ਵਿਦਿਆਰਥੀਆਂ ਨੂੰ ਉਨ੍ਹਾਂ ਦੇ ਹਾਈ ਸਕੂਲ ਦੇ ਸਾਰੇ ਸਫਰ ਦੇ ਦੌਰਾਨ ਕੈਰੀਅਰ/ਲਾਇਫ ਪਲੈਨਿੰਗ (ਕ੍ਰੀਏਟਿੰਗ ਪਾਥਵੇਜ਼ ਟੂ ਸਕਸੈਸ :ਐਨ ਐਜੁਕੇਸ਼ਨ ਐਂਡ ਕੈਰੀਅਰ/ਲਾਇਫ ਪਲੈਨਿੰਗ ਪ੍ਰੋਗਰਾਮ ਫਾਰ ਓਨਟਾਰਿਓ ਸਕੂਲਜ਼ ਓਨਟਾਰਿਓ ਮਨਿਸਟਰੀ ਆਫ ਐਜੁਕਾਸ਼ਨ, 2013) (*Creating Pathways to Success: An education and career/life planning program for Ontario schools* , Ontario Ministry of Education, 2013) ਦੇ ਚਾਰ ਸਵਾਲਾਂ ਬਾਰੇ ਸੋਚਣ ਲਈ ਕਿਹਾ ਜਾਏਗਾ:

- ਮੈਂ ਕੌਣ ਹਾਂ?
- ਮੇਰੇ ਮੌਕੇ ਕੀ ਹਨ ?
- ਮੈਂ ਕੀ ਬਣਨਾ ਚਾਹੁੰਦਾ/ਦੀ ਹਾਂ?
- ਮੇਰੇ ਟੀਚੇ ਪ੍ਰਾਪਤ ਕਰਨ ਲਈ ਮੇਰੀ ਕੀ ਯੋਜਨਾ ਹੈ?

***myBlueprint***

www.myBlueprint.ca/Peel ਪੀਲ ਬੋਰਡ ਵਿੱਚ ਗਰੇਡ 7 ਤੋਂ 12 ਤੱਕ ਸਾਰੇ ਵਿਦਿਆਰਥੀਆਂ ਦੁਆਰਾ ਵਰਤੀ ਜਾਣ ਵਾਲੀ ਆਨਲਾਇਨ ਯੋਜਨਾਬੰਦੀ ਸੰਦ ਹੈ। ਇਹ ਯੋਜਨਾਬੰਦੀ ਸੰਦ ਘਰ ਵਿੱਚ ਵਿਦਿਆਰਥੀਆਂ ਅਤੇ ਮਾਤਾ-ਪਿਤਾ ਲਈ ਉਪਲਬਧ ਹੈ ਅਤੇ ਇਸ ਵਿੱਚ ਵਿਸ਼ੇਸ਼ਤਾਵਾਂ ਸ਼ਾਮਲ ਹਨ ਜਿਵੇਂ ਕਿ:

- ਹਾਈ ਸਕੂਲ ਕੋਰਸਾਂ ਦੀ ਚੋਣ
- ਟੀਚੇ ਤਹਿ ਕਰਨਾ
- ਸਿੱਖਣ ਦੇ ਢੰਗਾਂ ਸੰਬੰਧੀ ਸੂਚੀਆਂ
- ਆਰਥਿਕ ਯੋਜਨਾਬੰਦੀ
- ਰੁਚੀਆਂ ਸੰਬੰਧੀ ਸੂਚੀਆਂ
- ਪੇਸ਼ਿਆਂ ਸੰਬੰਧੀ ਯੋਜਕ
- ਰਿਜ਼ੂਮੇ ਅਤੇ ਕਵਰ ਲੈਟਰ ਬਿਲਡਰ
- ਪੋਸਟ-ਸੈਕੰਡਰੀ ਵਿਕਲਪਾਂ ਅਤੇ ਪ੍ਰੋਗਰਾਮਾਂ ਦੀ ਤੁਲਨਾ

***ਕੋਰਸਾਂ ਦੀ ਚੋਣ***

ਗਰੇਡ 9 ਅਤੇ 10 ਦੇ ਵਿਦਿਆਰਥੀਆਂ ਲਈ ਕੋਰਸਾਂ ਦੀਆਂ ਚਾਰ ਵੱਖ ਵੱਖ ਕਿਸਮਾਂ ਹਨ:

- ਅਕਾਦਮਿਕ ਕੋਰਸ ਸਿਧਾਂਤਿਕ ਅਤੇ ਸੂਖਮ ਭਾਗਾਂ ਤੇ ਕੇਂਦ੍ਰਿਤ ਕਰਦੇ ਹਨ। ਇਹ ਕੋਰਸ ਉਨ੍ਹਾਂ ਵਿਦਿਆਰਥੀਆਂ ਲਈ ਸਭ ਤੋਂ ਵਧੀਆ ਹੁੰਦੇ ਹਨ ਜਿਹੜੇ ਸੁਤੰਤਰ ਸਿਖਾਂਦਰੂ ਹਨ ਅਤੇ ਜਿਹੜੇ ਸਿਖਲਾਈ ਦੇ ਤੇਜ਼ ਕਦਮਾਂ ਵਾਲੇ ਵਾਤਾਵਰਨ ਦਾ ਅਨੰਦ ਮਾਣਦੇ ਹਨ।
- ਅਪਲਾਇਡ ਕੋਰਸ ਵਿਹਾਰਿਕ ਪ੍ਰਯੋਗਾਂ ਅਤੇ ਠੋਸ ਮਿਸਾਲਾਂ ਤੇ ਫੋਕਸ ਕਰਦੇ ਹਨ। ਪਾਠ ਵਿਦਿਆਰਥੀਆਂ ਨੂੰ ਸਹਾਰਾ ਦੇਣ ਲਈ ਪਹਿਲਾਂ ਪ੍ਰਾਪਤ ਕੀਤੇ ਗਿਆਨ ਤੇ ਨਿਰਮਾਣ ਕਰਨ ਅਤੇ ਨਵੀਆਂ ਧਾਰਨਾਵਾਂ ਨੂੰ ਯਾਦ ਕਰਨ ਤੇ ਅਧਾਰਤ ਹੁੰਦੇ ਹਨ (scaffolded)।
- ਸਥਾਨਕ ਰੂਪ ਨਾਲ ਵਿਕਸਤ ਕੋਰਸ ਉਨ੍ਹਾਂ ਵਿਦਿਆਰਥੀਆਂ ਲਈ ਡਿਜ਼ਾਈਨ ਕੀਤੇ ਹੁੰਦੇ ਹਨ ਜਿੰਨਾਂ ਨੂੰ ਜਿਆਦਾ ਲਚਕ ਅਤੇ ਸਹਾਰੇ ਦੀ ਲੋੜ ਹੈ।
- ਓਪਨ ਕੋਰਸ ਆਰਟਸ, ਹੈਲਥ ਐਂਡ ਫਿਜ਼ੀਕਲ ਐਜੁਕੇਸ਼ਨ ਅਤੇ ਬਿਜ਼ਨਸ ਸਟਡੀਜ਼ ਵਰਗੇ ਖੇਤਰਾਂ ਵਿੱਚ ਚੁਣੇ ਹੋਏ ਕੋਰਸ ਹਨ।

- ਕੋਰਸਾਂ ਦੀ ਚੋਣ ਕਰਦੇ ਹੋਏ ਵਿਦਿਆਰਥੀਆਂ ਅਤੇ ਮਾਤਾ-ਪਿਤਾ ਨੂੰ ਪੂਰਵ ਸਾਲ ਦੇ ਅਧਿਆਪਕਾਂ ਵਲੋਂ ਸਿਫਾਰਸ਼ ਬਾਰੇ ਸੋਚਣਾ ਚਾਹੀਦਾ ਹੈ। ਵਿਦਿਆਰਥੀ ਆਪਣੀਆਂ ਸਿਖਲਾਈ ਸੰਬੰਧੀ ਤਾਕਤਾਂ ਅਤੇ ਲੋੜਾਂ ਲਈ ਸਭ ਤੋਂ ਸਹੀ ਬੈਠਣ ਲਈ ਵੱਖ ਵੱਖ ਕਿਸਮਾਂ ਚੁਣ ਸਕਦੇ ਹਨ,ਉਦਾਹਰਣ ਲਈ, ਅਕਾਦਮਿਕ ਅਤੇ ਅਪਲਾਇਡ ਕੋਰਸਾਂ ਦਾ ਮਿਸ਼ਰਨ।
ਕੋਰਸਾਂ ਦੀ ਚੋਣ ਇੱਕ ਨਿਰੰਤਰ ਚਲਣ ਵਾਲੀ ਕਿਰਿਆ ਹੈ ਅਤੇ ਇਸ ਨੂੰ ਵਿਦਿਆਰਥੀ ਦੀਆਂ ਰੁਚੀਆਂ, ਕਾਬਲੀਅਤਾਂ ਅਤੇ ਟੀਚਿਆਂ ਤੇ ਅਧਾਰਤ ਹੋਣਾ ਚਾਹੀਦਾ ਹੈ। ਇਸ ਕਿਰਿਆ ਵਿੱਚ ਸਹਾਇਤਾ ਲਈ, ਵਿਦਿਆਰਥੀਆਂ ਨੂੰ ਪ੍ਰਸਤਾਵਿਤ ਕਲਾਸਾਂ ਬਾਰੇ ਉਨ੍ਹਾਂ ਦੇ ਅਧਿਆਪਕਾਂ ਨਾਲ ਗੱਲ ਕਰਨ, ਕੋਰਸ ਦੇ ਵਰਨਣਾਂ ਨੂੰ ਆਨਲਾਇਨ ਪੜ੍ਹਨ, ਉਨ੍ਹਾਂ ਦੇ ਕਾਉਂਸਲਰਾਂ ਅਤੇ ਮਾਤਾ-ਪਿਤਾ ਨਾਲ ਗੱਲ ਕਰਨ ਅਤੇ ਅਜਿਹੇ ਵਿਦਿਆਰਥੀਆਂ ਨਾਲ ਗੱਲ ਕਰਨ ਲਈ ਪ੍ਰਬਲ ਢੰਗ ਨਾਲ ਉਤਸ਼ਾਹਿਤ ਕੀਤਾ ਜਾਂਦਾ ਹੈ ਜਿੰਨਾਂ ਨੇ ਪਹਿਲਾਂ ਇਹ ਕਲਾਸਾਂ ਲਈਆਂ ਹਨ।

ਜੇ ਵਿਦਿਆਰਥੀ ਆਪਣੇ ਕੋਰਸ ਬਦਲਣਾ ਚਾਹੁੰਦੇ ਹਨ, ਤਾਂ ਉਨ੍ਹਾਂ ਲਈ ਜਿੰਨੀ ਜਲਦੀ ਸੰਭਵ ਹੋਏ ਉਨ੍ਹਾਂ ਦੇ ਗਾਈਡੈਂਸ ਕਾਉਂਸਲਰਾਂ ਨੂੰ ਮਿਲਣਾ ਚਾਹੀਦਾ ਹੈ। ਕਿਰਪਾ ਕਰਕੇ ਨੋਟ ਕਰੋ ਕਿ ਹੋ ਸਕਦਾ ਹੈ ਬੇਨਤੀ ਕੀਤੀਆਂ ਗਈਆਂ ਤਬਦੀਲੀਆਂ ਸੰਭਵ ਨਾ ਹੋਣ।

### *ਚਾਰਟ ਯੌਰ ਕੋਰਸ – ਕਾਮਨ ਕੋਰਸ ਕਲੰਡਰ (*Chart Your Course – Common Course Calendar*)*

*ਚਾਰਟ ਯੌਰ ਕੋਰਸ* ਪੀਲ ਬੋਰਡ ਲਈ ਸਾਂਝਾ ਕੋਰਸ ਕਲੰਡਰ ਹੈ। ਇਹ ਮਹੱਤਵਪੂਰਨ ਦਸਤਾਵੇਜ ਪੀਲ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਉਪਲਬਧ ਕੋਰਸਾਂ ਦੀ ਰੂਪ-ਰੇਖਾ ਦਿੰਦਾ ਹੈ। ਇਹ ਗਾਇਡ www.peelschools.org/students/commoncoursecalendar ਤੇ ਆਨਲਾਇਨ ਉਪਲਬਧ ਹੈ।

### *ਡਿਪਲੋਮਾ ਲਈ ਆਵੱਸ਼ਕਤਾਵਾਂ*

ਓਨਟਾਰਿਓ ਸੈਕੰਡਰੀ ਸਕੂਲ ਡਿਪਲੋਮਾ (ਓਐਸਐਸਡੀ) ਪ੍ਰਾਪਤ ਕਰਨ ਲਈ, ਜਰੂਰੀ ਹੈ ਕਿ ਵਿਦਿਆਰਥੀ:

- 18 ਜਰੂਰੀ ਕ੍ਰੈਡਿਟਾਂ ਅਤੇ 12 ਚੋਣਵੇਂ ਕ੍ਰੈਡਿਟਾਂ ਸਮੇਤ, ਘੱਟੋ ਘੱਟ 30 ਕ੍ਰੈਡਿਟ ਪ੍ਰਾਪਤ ਕਰੇ
- ਕਮਯੂਨਿਟੀ ਸ਼ਮੂਲੀਅਤ ਸੰਬੰਧੀ ਗਤੀਵਿਧੀਆਂ ਦੇ 40 ਘੰਟੇ ਪੂਰੇ ਕਰੇ
- ਕਾਮਯਾਬੀ ਨਾਲ ਓਨਟਾਰਿਓ ਸੈਕੰਡਰੀ ਸਕੂਲ ਲਿਟ੍ਰੇਸੀ ਟੈਸਟ (ਓਐਸਐਸਐਲਟੀ) ਜਾਂ ਓਨਟਾਰਿਓ ਸੈਕੰਡਰੀ ਸਕੂਲ ਲਿਟ੍ਰੇਸੀ ਕੋਰਸ (ਓਐਸਐਸਐਲਸੀ) ਪੂਰਾ ਕਰੇ।

### *ਕਮਯੂਨਿਟੀ ਸੇਵਾ (***Community service***) - 40 ਘੰਟੇ*

ਵਿਦਿਆਰਥੀਆਂ ਲਈ ਗਰੈਜੁਏਟ ਕਰਨ ਵਾਸਤੇ ਕਮਯੂਨਿਟੀ ਸ਼ਮੂਲੀਅਤ ਸੰਬੰਧੀ ਗਤੀਵਿਧੀਆਂ ਦੇ 40 ਘੰਟੇ, ਜਿਹੜੇ ਉਹ ਗਰੇਡ 9 ਸ਼ੁਰੂ ਕਰਨ ਤੋਂ ਪਹਿਲਾਂ ਵਾਲੀ ਗਰਮੀ ਵਿੱਚ ਇਕੱਠਾ ਕਰਨਾ ਅਰੰਭ ਕਰ ਸਕਦੇ ਹਨ, ਪੂਰੇ ਕਰਨਾ ਜਰੂਰੀ ਹੈ। ਵਿਦਿਆਰਥੀ ਆਪਣੇ ਆਪ ਹੀ ਵਲੰਟੀਅਰ ਕੰਮ ਦੇ 40 ਘੰਟੇ ਲੱਭਣ ਅਤੇ ਪੂਰੇ ਕਰਨ ਲਈ ਜ਼ਿੰਮੇਵਾਰ ਹੈ। ਸਕੂਲ ਵਿਦਿਆਰਥੀਆਂ ਲਈ ਵਲੰਟੀਅਰ ਪਲੇਸਮੈਂਟਾਂ ਲੱਭਣ ਜਾਂ ਉਨ੍ਹਾਂ ਦਾ ਵਲੰਟੀਅਰ ਕੰਮ ਪੂਰਾ ਕਰਨ ਦੇ ਦੌਰਾਨ ਉਨ੍ਹਾਂ ਦੀ ਨਿਗਰਾਨੀ ਲਈ ਸਿੱਧੇ ਤੌਰ ਤੇ ਸ਼ਾਮਲ ਨਹੀਂ ਹੋਏਗਾ।

ਮਾਤਾ-ਪਿਤਾ ਵਿਦਿਆਰਥੀ ਦੇ ਵਲੰਟੀਅਰ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਸੰਭਾਵੀ ਪਲੇਸਮੈਂਟਾਂ ਨੂੰ ਜਾਂਚਣ ਲਈ ਜ਼ਿੰਮੇਵਾਰ ਹਨ। ਯੋਗ ਅਤੇ ਅਯੋਗ ਗਤੀਵਿਧੀਆਂ ਦੀ ਸੂਚੀ ਸਮੇਤ, ਹੋਰ ਜਾਣਕਾਰੀ www.peelschools.org/students/40hours ਤੇ ਲੱਭੀ ਜਾ ਸਕਦੀ ਹੈ।

## ਪਾਥਵੇ ਪ੍ਰੋਗਰਾਮ

ਪੀਲ ਬੋਰਡ ਦੇ ਪਾਥਵੇ ਪ੍ਰੋਗਰਾਮ ਵਿਵਿਧ ਅਤੇ ਰੁਝੇਵੇਂ ਵਾਲੇ ਸਿਖਲਾਈ ਦੇ ਮੌਕਿਆਂ ਕੋਰਸਾਂ ਅਤੇ ਪ੍ਰੋਗਰਾਮਾਂ, ਕਲਾਸਰੂਮ ਦੇ ਅੰਦਰ ਅਤੇ ਬਾਹਰ ਦੋਵੇਂ, ਦੀ ਰੇਂਜ ਦਾ ਪ੍ਰਬੰਧ ਕਰਦੇ ਹਨ। ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਗਰੇਡ 11 ਅਤੇ 12 ਵਿੱਚ ਸ਼ੁਰੂ ਹੋਕੇ ਉਪਲਬਧ ਹਨ।

### *ਕੁਅਪਰੇਟਿਵ ਸਿੱਖਿਆ (***Co-operative Education***)*

ਕੁਅਪਰੇਟਿਵ ਐਜੁਕੇਸ਼ਨ ਪ੍ਰੋਗਰਾਮ (ਕੋ-ਆਪ) ਵਿਦਿਆਰਥੀਆਂ ਨੂੰ ਕੰਮ ਸੰਬੰਧੀ ਪਲੇਸਮੈਂਟ ਤੇ ਸਿਖਲਾਈ ਦੇ ਨਾਲ ਕੋਰਸ ਦੇ ਪਾਠਕ੍ਰਮ ਦਾ ਏਕੀਕਰਨ ਕਰਕੇ ਕ੍ਰੈਡਿਟ ਪ੍ਰਾਪਤ ਕਰਨ ਦਾ ਮੌਕਾ ਦਿੰਦਾ ਹੈ। ਉਨ੍ਹਾਂ ਨੂੰ ਓਨਟਾਰਿਓ ਸੈਕੰਡਰੀ ਸਕੂਲ ਡਿਪਲੋਮਾ (ਓਐਸਐਸਡੀ) ਵਲ ਹਰ ਸਮੈਸਟਰ 4 ਕ੍ਰੈਡਿਟ ਤੋਂ ਅਧਿਕਤਮ 12 ਕੋ-ਆਪ ਕ੍ਰੈਡਿਟਾਂ ਤੱਕ ਸ਼ਾਮਲ ਕਰਨ ਲਈ ਡਿਜ਼ਾਈਨ ਕੀਤਾ ਜਾ ਸਕਦਾ ਹੈ। ਪਲੇਸਮੈਂਟ ਸੁਪਰਵਾਈਜ਼ਰ

ਅਤੇ ਕੋ-ਆਪ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦੀ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਸਿੱਖਿਆ ਵਿੱਚ ਉਨ੍ਹਾਂ ਨੂੰ ਸਹਾਰਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ, ਆਪਣੇ ਗਾਈਡੈਂਸ ਕਾਉਂਸਲਰ ਨੂੰ ਮਿਲੋ ਜਾਂ www.peelschools.org/CoopEducation ਤੇ ਜਾਓ।

### *ਡੂਅਲ ਕ੍ਰੈਡਿਟ ਪ੍ਰੋਗਰਾਮ* (Dual Credit Programs )

ਡੂਅਲ ਕ੍ਰੈਡਿਟ ਪ੍ਰੋਗਰਾਮ ਵਿਦਿਆਰਥੀਆਂ ਨੂੰ ਇੱਕੋ ਸਮੇਂ ਤੇ ਕਾਲਜ ਅਤੇ ਗੈਰ-ਜਰੂਰੀ ਸੈਕੰਡਰੀ ਕ੍ਰੈਡਿਟ ਦੋਵੇਂ ਪ੍ਰਾਪਤ ਕਰਨ ਦਾ ਅਨੂਠਾ ਮੌਕਾ ਦਿੰਦੇ ਹਨ। ਪ੍ਰਾਪਤ ਕੀਤੇ ਗਏ ਕਾਲਜ ਕ੍ਰੈਡਿਟ ਹਾਈ ਸਕੂਲ ਤੋਂ ਬਾਅਦ ਕਾਲਜ ਪ੍ਰੋਗਰਾਮ ਲਈ ਵਰਤੇ ਜਾ ਸਕਦੇ ਹਨ। ਕਾਲਜਾਂ ਵਿੱਚ ਕਈ ਪਰਕਾਰ ਦੇ ਕੋਰਸਾਂ ਵਿੱਚੋਂ ਚੁਣੋ ਜਿਵੇਂ ਕਿ : ਸੇਨਟੈਨੀਅਲ, ਜੌਰਜ ਬਰਾਉਨ, ਹੰਬਰ, ਸੇਨੇਕਾ ਅਤੇ ਸ਼ੈਰੀਡਨ। ਹੋਰ ਜਾਣਕਾਰੀ ਲਈ, ਆਪਣੇ ਗਾਈਡੈਂਸ ਕਾਉਂਸਲਰ ਨੂੰ ਮਿਲੋ ਜਾਂ www.peelschools.org/DualCredit ਤੇ ਜਾਓ।

### *ਓਨਟਾਰਿਓ ਯੂਥ ਅਪਰੈਂਟਿਸਸ਼ਿਪ ਪ੍ਰੋਗਰਾਮ (ਓਵਾਈਏਪੀ) (* (Ontario Youth Apprenticeship Program (OYAP) )

ਓਵਾਈਏਪੀ ਪ੍ਰੋਗਰਾਮ ਵਿਦਿਆਰਥੀਆਂ ਨੂੰ ਹੁਨਰਮੰਦ ਕਿੱਤਿਆਂ ਦੇ ਵਾਤਾਵਰਨ ਵਿੱਚ ਵਿਹਾਰਿਕ, ਕਿਰਿਆਸ਼ੀਲ ਸਿਖਲਾਈ ਦਿੰਦੇ ਹਨ ਜਦੋਂ ਉਹ ਆਪਣੇ ਹਾਈ ਸਕੂਲ ਡਿਪਲੋਮੇ ਲਈ ਕ੍ਰੈਡਿਟ ਇਕੱਠੇ ਕਰਦੇ ਹਨ ਅਤੇ ਸੰਭਾਵੀ ਪੇਸ਼ੇ ਦੀ ਪੜਚੋਲ ਕਰਦੇ ਹਨ। ਕਿੱਤਿਆਂ ਵਿੱਚ ਕੈਰੀਅਰ ਚੁਣਨ ਦੀ ਚਾਹ ਵਾਲੇ ਵਿਦਿਆਰਥੀ ਰਜਿਸਟਰਡ ਸਿਖਾਂਦਰੂ ਅਤੇ ਓਨਟਾਰਿਓ ਕਾਲਜ ਆਫ ਟ੍ਰੇਡਜ਼ ਦਾ ਸਦੱਸ ਬਣਨ ਦੀ ਚੋਣ ਕਰ ਸਕਦੇ ਹਨ। ਹੋਰ ਜਾਣਕਾਰੀ ਲਈ, ਆਪਣੇ ਗਾਈਡੈਂਸ ਕਾਉਂਸਲਰ ਨੂੰ ਮਿਲੋ ਜਾਂ www.peelschools.org/OYAP ਤੇ ਜਾਓ।

### *ਸਪੈਸ਼ਲਿਸਟ ਹਾਈ ਸਕਿਲਜ਼ ਮੇਜਰ (ਐਸਐਚਐਸਐਮ)* (Specialist High Skills Major (SHSM))

ਐਸਐਚਐਸਐਮ (SHSM) ਪ੍ਰੋਗਰਾਮ ਵਿੱਚ, ਵਿਦਿਆਰਥੀ ਉਨ੍ਹਾਂ ਦੀ ਸਿੱਖਿਆ ਨੂੰ ਦਿਲਚਸਪੀ ਵਾਲੇ ਪੇਸ਼ੇ ਦੇ ਖੇਤਰ ਤੇ ਕੇਂਦਰਿਤ ਕਰਦੇ ਹਨ। ਸੈਕਟਰਾਂ ਲਈ ਵਿਸ਼ਿਸ਼ਟ, ਹਰ ਸਕੂਲ ਲਈ ਅਨੂਠੇ, ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਐਸਐਚਐਸਐਮ (SHSM) ਸੀਲ ਡਿਪਲੋਮਾ ਦੇ ਵਲ ਸੈਕਟਰ ਦੁਆਰਾ ਮਾਨਤਾ ਪ੍ਰਾਪਤ ਪ੍ਰਮਾਣੀਕਰਨਾਂ ਪ੍ਰਾਪਤ ਕਰਨ ਦੇ ਯੋਗ ਬਣਾਉਂਦੇ ਹਨ। ਹੋਰ ਜਾਣਕਾਰੀ ਲਈ, ਆਪਣੇ ਗਾਈਡੈਂਸ ਕਾਉਂਸਲਰ ਨੂੰ ਮਿਲੋ ਜਾਂ www.peelschools.org/SHSM ਤੇ ਜਾਓ।

### *ਰੀਜਨਲ ਪ੍ਰੋਗਰਾਮ*

ਪੀਲ ਬੋਰਡ ਸਾਰੇ ਸਿਖਾਂਦਰੂਆਂ ਦੀਆਂ ਲੋੜਾਂ ਪੂਰੀਆਂ ਕਰਨ ਪ੍ਰਤੀ ਵਚਨਬੱਧ ਹੈ। ਇਸ ਦਾ ਮਤਲਬ ਕੇਵਲ ਵਿਦਿਆਰਥੀਆਂ ਦੇ ਵਿਚਲੇ ਫਰਕਾਂ ਦਾ ਹਿਸਾਬ ਰੱਖਣਾ ਹੀ ਨਹੀਂ ਹੈ, ਪਰ ਅਜਿਹੇ ਨਵੇਂ ਪ੍ਰੋਗਰਾਮ ਪੇਸ਼ ਕਰਨਾ ਹੈ ਜਿਹੜੇ ਪਰੰਪਰਾਗਤ ਕਲਾਸਰੂਮਾਂ ਤੋਂ ਪਰ੍ਹਾਂ ਵੀ ਫੈਲੇ ਹੋਏ ਹਨ। ਸਾਡੇ ਸਿੱਖਿਆ ਸੰਬੰਧੀ ਖੇਤਰੀ ਚੋਣ ਪ੍ਰੋਗਰਾਮਾਂ ਅਤੇ ਉਹ ਕਿਥੇ ਪੇਸ਼ ਕੀਤੇ ਜਾਂਦੇ ਹਨ ਬਾਰੇ ਜਾਣਕਾਰੀ www.peelschools.org/RegionalPrograms ਤੇ ਪੀਲ ਬੋਰਡ ਦੀ ਵੈੱਬਸਾਇਟ ਤੇ ਉਪਲਬਧ ਹਨ।

### *ਸਮਰ ਸਕੂਲ ਅਤੇ ਨਾਇਟ ਸਕੂਲ*

ਪੀਲ ਬੋਰਡ ਦੇ ਕੰਨਟੀਨਯੂਇੰਗ ਐਜੁਕੇਸ਼ਨ ਵਿਭਾਗ ਦੇ ਰਾਹੀਂ ਸਮਰ ਸਕੂਲ ਅਤੇ ਨਾਇਟ ਸਕੂਲ ਕ੍ਰੈਡਿਟ ਪੇਸ਼ ਕੀਤੇ ਜਾਂਦੇ ਹਨ। ਕ੍ਰੈਡਿਟ ਪੀਲ ਅਤੇ ਨੌਨ-ਪੀਲ ਵਿਦਿਆਰਥੀਆਂ ਦੋਵਾਂ ਨੂੰ ਕਲਾਸ ਵਿੱਚ ਜਾਂ ਆਨਲਾਇਲ ਪੇਸ਼ ਕੀਤੀਆਂ ਜਾਂਦੀਆਂ ਹਨ।

www.peelschools.org/summerschool ਤੇ ਪੀਲ ਬੋਰਡ ਦੀ ਵੈੱਬਸਾਇਟ ਦੇ *ਕੰਨਟੀਨਯੂਇੰਗ ਐਜੁਕੇਸ਼ਨ – ਕ੍ਰੈਡਿਟ ਸਮਰ ਸਕੂਲ* (*Continuing Education – Credit Night School*) ਸੈਕਸ਼ਨ ਤੇ ਜਾ ਕੇ ਸਮਰ ਸਕੂਲ ਕਲਾਸਾਂ ਬਾਰੇ ਜਾਣੋ।

www.peelschools.org/nightschool ਤੇ ਪੀਲ ਬੋਰਡ ਦੀ ਵੈੱਬਸਾਇਟ ਦੇ *ਕੰਨਟੀਨਯੂਇੰਗ ਐਜੁਕੇਸ਼ਨ – ਕ੍ਰੈਡਿਟ ਨਾਇਟ ਸਕੂਲ* (*Continuing Education – Credit Night School*) ਸੈਕਸ਼ਨ ਤੇ ਜਾ ਕੇ ਨਾਇਟ ਸਕੂਲ ਵਾਸਤੇ ਪੰਜੀਕਰਨ ਕਰਵਾਉਣ ਬਾਰੇ ਜਾਣੋ। ਨਾਇਟ ਸਕੂਲ ਲਈ ਪੰਜੀਕਰਨ ਹਰ ਸਾਲ ਸਿਤੰਬਰ ਅਤੇ ਜਨਵਰੀ/ਫਰਵਰੀ ਵਿੱਚ ਹੁੰਦੀ ਹੈ।

### *ਈਲਰਨਿੰਗ* (eLearning )

ਆਨਲਾਇਨ ਸਿੱਖਿਆ ਇੱਕ ਅਜਿਹਾ ਵਿਕਲਪ ਹੈ ਜੋ ਕਿ ਵਿਦਿਆਰਥੀਆਂ ਦੇ ਵਿਭਿੰਨ ਕਾਰਜਕ੍ਰਮਾਂ, ਰੁਚੀਆਂ ਅਤੇ ਤਾਕਤਾਂ ਨੂੰ ਜਾਂਚ ਸਕਦਾ ਹੈ। ਈਲਰਨਿੰਗ (eLearning) ਉਨ੍ਹਾਂ ਵਿਦਿਆਰਥੀਆਂ ਲਈ ਵਿਕਲਪ ਦਾ ਕੰਮ ਕਰ ਸਕਦਾ ਹੈ ਜਦੋਂ ਉਹ ਪਰੰਪਰਾਗਤ ਟਾਇਮਟੇਬਲਿੰਗ ਦੇ ਰਾਹੀਂ ਕਿਸੇ ਕੋਰਸ ਤੱਕ ਪਹੁੰਚ ਪ੍ਰਾਪਤ ਨਹੀਂ ਕਰ ਸਕਦੇ। ਈਲਰਨਿੰਗ (eLearning) ਬਾਰੇ ਹੋਰ ਜਾਣਕਾਰੀ www.peelschools.org/parents/programs/online ਤੇ ਉਪਲਬਧ ਹੈ।

## ਸਾਧਨ

www.makingmyway.ca

www.myBlueprint.ca/Peel

www.peelschools.org/parents/helpyourchild

www.edu.gov.on.ca/eng/document/policy/cps/creatingpathwayssuccess.pdf

## ਆਪਣੇ ਪ੍ਰਸ਼ਨਾਂ ਦੇ ਜਵਾਬ ਪ੍ਰਾਪਤ ਕਰਨਾ

- ਜੇ ਤੁਹਾਡੇ ਆਪਣੇ ਬੇਟੇ ਜਾਂ ਬੇਟੀ ਦੀ ਸਿੱਖਿਆ ਬਾਰੇ ਕੋਈ ਖਾਸ ਸਵਾਲ ਜਾਂ ਚਿੰਤਾਵਾਂ ਹਨ, ਤਾਂ ਗੱਲ ਕਰਨ ਲਈ ਪਹਿਲੇ ਵਿਅਕਤੀ ਤੁਹਾਡੇ ਕਿਸ਼ੋਰ ਦਾ ਅਧਿਆਪਕ ਹੈ।
- ਜੇ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੈ, ਜਾਂ ਤੁਹਾਡੇ ਹੋਰ ਆਮ ਸਵਾਲ ਹਨ, ਤਾਂ ਤੁਹਾਡੇ ਸਕੂਲ ਦਾ ਪ੍ਰਿੰਸੀਪਲ ਸਹਾਇਤਾ ਕਰਨ ਲਈ ਮੌਜੂਦ ਹੈ।
- ਤੁਹਾਡੇ ਸਥਾਨਕ ਸਕੂਲ ਟ੍ਰਸਟੀ ਨੇ ਤੁਹਾਡੇ ਹਿੱਤਾਂ ਨੂੰ ਪ੍ਰਸਤੁਤ ਕਰਨ ਲਈ ਚੁਣਿਆ ਗਿਆ ਹੈ ਅਤੇ ਉਹ ਹਮੇਸ਼ਾ ਤੁਹਾਡੇ ਸੁਝਾਵਾਂ ਜਾਂ ਚਿੰਤਾਵਾਂ ਨੂੰ ਸੁਣਨ ਅਤੇ ਉਨ੍ਹਾਂ ਬਾਰੇ ਚਰਚਾ ਕਰਨ ਲਈ ਤਿਆਰ ਹੈ। ਜੇ ਤੁਸੀਂ ਆਪਣੇ ਟ੍ਰਸਟੀ ਦਾ ਨਾਮ ਨਹੀਂ ਜਾਣਦੇ, ਤਾਂ www.peelschools.org ਦੇ ਟ੍ਰਸਟੀ (*Trustee*) ਸੈਕਸ਼ਨ ਤੇ ਜਾਂ ਤੁਹਾਡੇ ਸਕੂਲ ਦੀ ਵੈੱਬਸਾਇਟ ਤੇ ਜਾਓ।
- ਜੇ ਤੁਹਾਡੇ ਪਾਠਕ੍ਰਮ ਦੇ ਬਾਰੇ ਆਮ ਸਵਾਲ ਹਨ, ਤਾਂ 905-890-1010 (ਜਾਂ 1-800-668-1146) ਐਕਸਟੈਨਸ਼ਨ 2559 ਤੇ ਬੋਰਡ ਦੇ ਕਰੀਕੁਲਮ ਐਂਡ ਇੰਨਸਟ੍ਰਕਸ਼ਨ ਸਪੋਰਟ ਸਰਵਿਸਿਜ਼ (Curriculum & Instruction Support Services) ਵਿਭਾਗ ਨੂੰ ਫੋਨ ਕਰੋ।
- ਪਾਠਕ੍ਰਮ ਦੀ ਸਾਰੀ ਸਮੱਗਰੀ ਤੁਹਾਡੇ ਕਿਸ਼ੋਰ ਦੇ ਸਕੂਲ ਵਿੱਚ ਉਪਲਬਧ ਹੈ। ਪਾਠਕ੍ਰਮ ਦੇ ਦਸਤਾਵੇਜ਼ www.edu.gov.on.ca/eng/curriculum ਤੇ ਮਨਿਸਟਰੀ ਆਫ ਐਜੁਕੇਸ਼ਨ ਦੀ ਵੈੱਬਸਾਇਟ ਤੇ ਵੀ ਉਪਲਬਧ ਹਨ।

**ਇਹ ਗਾਇਡ ਇੰਨਾਂ ਕੋਲੋਂ ਆਰਥਿਕ ਸਹਾਰੇ ਦੁਆਰਾ ਸੰਭਵ ਕੀਤੀ ਗਈ ਹੈ:**

### ਮੇਕਿੰਗ ਮਾਏ ਵੇ (**Making My Way**)

ਪਾਥਵੇ ਪ੍ਰੋਗਰਾਮਾਂ ਅਤੇ ਪੇਸ਼ੇ ਸੰਬੰਧੀ ਮੌਕਿਆਂ ਦੀ ਛਾਣਬੀਨ ਕਰਨ ਲਈ www.makingmyway.ca ਤੇ ਜਾਓ।

### ਪੇਰੈਂਟ ਇੰਨਵੌਲਵਮੈਂਟ ਕਮੇਟੀ (**Parent Involvement Committee**)

ਇਹ ਪਤਾ ਕਰਨ ਲਈ ਕਿ ਤੁਸੀਂ ਮਾਤਾ-ਪਿਤਾ ਦੀ ਸ਼ਮੂਲੀਅਤ ਨੂੰ ਕਿਵੇਂ ਸਹਾਰਾ ਦੇ ਸਕਦੇ ਅਤੇ ਉਤਸ਼ਾਹਤ ਕਰ ਸਕਦੇ ਹੋ www.peelschools.org ਤੇ ਜਾਓ।

### ਪੀਲ ਡਿਸਟਰਿਕਟ ਸਕੂਲ ਬੋਰਡ (**Peel District School Board**)

ਅਸੀਂ ਹਰ ਵਿਦਿਆਰਥੀ ਵਿੱਚ ਕਾਮਯਾਬੀ, ਵਿਸ਼ਵਾਸ ਅਤੇ ਉਮੀਦ ਪ੍ਰੇਰਿਤ ਕਰਦੇ ਹਾਂ।

www.peelschools.org www.facebook.com/peelschools
www.twitter.com/peelschools